## ਲੰਗ੍ਰ ਦਾ ਪ੍ਰਸੰਗ

ਇਤਨਾ ਕਹਿਕਰ ਗਿਆਨੀ ਸਿੰਘ ਜੀ ਕਹਿਕਰ ਚਲੇ ਗਏ । ਔਰ ਸੰਗਤਾਂ ਵਹਾਂ ਸੇ ਲੰਗ੍ਰ ਮੇ ਆਈ । ਉਸ ਵਕਤ ਲੰਗ੍ਰ ਦਾ ਕਾਮ ਸਭ ਹੋ ਚੁਕਾ ਥਾ । ਲਾਂਗਰੀ ਸੇਵਾਦਾਰ ਭੀ ਬੈਠੇ ਥੇ । ਆਈ ਸੰਗਤ ਕੋ ਪ੍ਰਸਾਦਿ ਛਕਾ ਕਰ, ਹਾਥ ਧੁਲਾ ਕਰ ਬੈਠ । ਬਾਤ-ਚੀਤ ਹੋਤੇ ਹੋਤੇ ਲਾਂਗਰੀ ਸਿੰਘ ਸੇ ਸੰਗਤ ਨੇ ਪੂਛਾ ਕਿ ਸਚਖੰਡ ਮੇ ਗਿਆਨੀ ਸਿੰਘ, ਮਹਾਰਾਜ ਜੀ ਕਾ ਇਤਹਾਸ ਸੁਨਾ ਰਹੇ ਥੇ । ਕੁਛ ਕਾਮ ਥਾ ਉਨ ਕੋ । ਥੋੜਾ ਸੁਨਾ ਕਰ ਓਹ ਚਲੇ ਗਏ । ਲਾਂਗ੍ਰੀ ਸਿੰਘ ਨੇ ਪੂਛਾ ਕਿ ਕੌਨ ਸਾ ਪ੍ਰਸੰਗ ਸੁਨਾ ਰਹੇ ਥੇ ਗਿਆਨੀ ਸਿੰਘ ਜੀ ? ਸੰਗਤ ਮੇ ਸੇ ਏਕ ਪ੍ਰੇਮੀ ਨੇ ਕਹਾ ਕਿ ਮਹਾਰਾਜ ਕਾ ਪ੍ਰਸੰਗ ਸੁਨਾਤੇ ਸੁਨਾਤੇ ਲੰਗ੍ਰ ਕੇ ਪ੍ਰਸੰਗ ਤਕ ਆਏ ਥੇ, ਜੋ ਲੰਗ੍ਰ ਕਬ ਸੇ ਚਲਾ । ਸੋ ਆਪ ਗੁਰੂ ਸਾਹਿਬ ਕੇ ਲਾਂਗਰੀ ਹੋ । ਲੰਗਰ ਕਾ ਪੂਰਾ ਇਤਹਾਸ ਆਪ ਸੁਨਾ ਦੇਉ । ਲਾਂਗਰੀ ਸਿੰਘ ਨੇ ਕਹਾ ਕਿ ਮਹਾਰਾਜ ਕਾ ਇਤਹਾਸ ਪ੍ਰਸੰਗ ਪੂਰਾ ਬਰਨਨ ਕਰਨੇ ਕਰਨੇ ਹਮਾਰੀ ਬੁੱਧੀ ਅਸਮਰਥ ਵ ਸਮਰਥ ਨਹੀਂ ਹੈ । ਸੁਨਾਨੇ ਕੋ ਮਹਾਰਾਜ ਕੀ ਲੀਲਾ, ਮਹਾਰਾਜ ਕੇ ਪ੍ਰਸੰਗ ਬੇਅੰਤ ਹੈ । ਫੇਰ ਭੀ ਜੋ ਕੁਛ ਹਮਨੇ ਅਪਨੇ ਮਹਾਪੁਰਸ਼ੋਂ ਸੇ ਸੁਨਾ ਹੈ ਔਰ ਸੰਗਤ ਮੇ ਰਹਿਤੇ ਸੁਨਾ ਹੈ, ਓਹ ਗੁਰੂ ਸਾਹਿਬ ਕੀ ਕ੍ਰਿਪਾ ਸੇ ਆਪ ਕੋ ਸੁਨਾਤੇ ਹੈ, ਸੋ ਸੁਨੋ : -

## ਪਹਿਲਾ ਲੰਗ੍ਰ ਗੁਰੂ ਨਾਨਕ ਜੀ ਨੇ ਚਲਾਯਾ ਸੱਚਾ ਸੌਦਾ

ਪਹਿਲਾ ਲੰਗ੍ਰ ਗੁਰੂ ਨਾਨਕ ਸਾਹਿਬ ਜੀ ਨੇ ਅਪਨੇ ਹੱਥੀਂ ਸ਼ੁਰੂ ਕੀਤਾ ਹੈ । ਕਿਉਂਕਿ ਲੰਗਰ ਗੁਰੂ ਨਾਨਕ ਸਾਹਿਬ ਜੀ ਨੇ ਅਪਨੀ ਹੱਥੀਂ ਸ਼ੁਰੂ ਕੀਤਾ ਹੈ । ਜਿਸ ਵਕਤ ਸੱਚਾ ਸੌਦਾ ਕਰਨ ਗਏ ਸਨ, ਪਿਤਾ ਦੀ ਆਗਿਆ ਪਾਏ ਕੇ; ਜੰਗਲ ਵਿਚ ਸੰਤ ਮੰਡਲੀ ਭੁੱਖੀ ਦੇਖ ਕੇ ਭਾਈ ਬਾਲੇ ਜੀ ਨੂੰ ਕਿਹਾ ਕਿ ਭਾਈ ਬਾਲਾ, ਏਹ ਖਰਾ ਸੌਦਾ ਹੈ । ਪਿਤਾ ਜੀ ਦੀ ਆਗਿਆ ਭੀ ਖਰੇ ਸੌਦੇ ਦੀ ਹੈ । ਇਉਂ ਕਹਿ ਕੇ ਨਗਰੋਂ ਰਸਦ ਖ੍ਰੀਦ ਕੇ ਲੰਗਰ ਸਜਾ ਕੇ ਸੰਤ ਮੰਡਲੀ ਦੀ ਪੰਗਤ ਲਵਾ ਕੇ ਅਪਨੇ ਹੱਥੀਂ ਵਰਤਾਉਂਦੇ ਰਹੇ । ਸੰਤ ਮੰਡਲੀ ਨੂੰ ਤ੍ਰਿਪਤ ਕਰ ਕੇ ਬੜੇ ਖ਼ੁਸ਼ ਹੂਏ । ਔਰ ਕਿਹਾ ਕਿ ਭਾਈ ਬਾਲਾ, ਏਹ ਸੱਚਾ ਸੌਦਾ ਹੈ । ਔਰ ਇਸੇ ਦੇਗ ਵ ਲੰਗਰ ਸੱਚੇ ਸੌਦੇ ਦੇ ਵਾਸਤੇ ਅਪਨੇ ਪਿਤਾ ਤੋਂ ਮੂੰਹ ਤੇ ਚਪੇੜਾਂ ਖਾਧੀਆਂ ਸਨ । ਉਸ ਦਿਨ ਤੋਂ ਲੰਗਰ ਦਾ ਪ੍ਰੋਗ੍ਰਾਮ ਸ਼ੁਰੂ ਕੀਤਾ ਗਿਆ ਹੈ ਔਰ ਮੁੱਢ ਬੰਨ੍ਹਿਆ ਹੈ । ਉਸ ਗੁਰ ਅਸਥਾਨ ਨੂੰ ਸਾਰੀਆਂ ਸੰਗਤਾਂ 'ਸੱਚੇ ਸੌਦੇ' ਦੇ ਨਾਮ ਨਾਲ ਹੀ ਕਹਿੰਦੇ ਹਨ । ਇਸ ਜਗ੍ਹਾ ਦਾ ਨਾਮ ਹੀ ਸੱਚਾ ਸੌਦਾ ਪੈ ਗਿਆ ਹੈ ।

ਇਸ ਤੋਂ ਬਾਦ ਸ੍ਰੀ ਗੁਰੂ ਨਾਨਕ ਸਾਹਿਬ ਜੀ ਸਚੇ ਸੌਦੇ ਤੋਂ ਬਾਦ ਕੁਛ ਅਰਸਾ ਤਿਲਵੰਡੀ ਰਹੇ । ਉਸ ਤੋਂ ਬਾਦ ਗੁਰੂ ਨਾਨਕ ਸਾਹਿਬ ਜੀ ਸੁਲਤਾਨਪੁਰ ਬੇਬੇ ਨਾਨਕੀ ਜੀ ਪਾਸ ਆ ਕੇ ਰਹੇ । ਨਵਾਬ ਦੌਲਤ ਖ਼ਾਨ ਦਾ ਮੋਦੀਖ਼ਾਨਾ ਚਲਾਵਨ ਲੱਗੇ । ਉਸ ਵਕਤ ਭੀ ਸਚਾ ਸੌਦਾ ਹੀ ਕਰਦੇ ਰਹੇ । ਜੋ ਅਤੀਤ ਸੰਤ ਸਾਧੂ ਆਉਂਦੇ ਸਨ,

ਮਨਬਾਂਛਤ ਰਸਦਾਂ ਦੇਂਦੇ । ਕਈ ਦਫ਼ਾ ਅਪਨੇ ਨਿਰੰਕਾਰ ਦੇ ਰੰਗ ਆ ਜਾਂਦੇ । ਗਿਨਤੀ ਕਰਦੇ ਕਰਦੇ ਤੇਰ੍ਹਾਂ ਤਕ ਆ ਕੇ ਇਸ ਤੋਂ ਅੱਗੇ ਗਿਨਤੀ ਨਹੀਂ ਕਰਦੇ ਸਨ । ਤੇਰ੍ਹਾਂ ਤੇਹ੍ਹਾਂ ਕਰਦੇ ਤੋਲ ਤੋਲ ਕੇ ਪਾਈ ਜਾਂਦੇ ਸਨ । ਗਰੀਬ ਗੁਰਬਿਆਂ ਨੂੰ ਮਨਬਾਂਛਤ ਰਸਦਾਂ ਦੇਕਰ ਔਰ ਉਨ੍ਹਾਂ ਨੂੰ ਖ਼ੁਸ਼ ਦੇਖ ਕਰ ਆਪ ਭੀ ਬੜੇ ਪ੍ਰਸੰਨ ਹੁੰਦੇ ਸਨ । ਮੋਦੀਖ਼ਾਨੇ ਨੂੰ ਭੀ ਨਿਰੰਕਾਰ ਦਾ ਲੰਗਰ ਹੀ ਜਾਨਦੇ ਸਨ ।

## ਲੰਗ੍ਰ ਦਾ ਪ੍ਰਸੰਗ

ਜਿਸ ਵਕਤ ਗੁਰੂ ਨਾਨਕ ਸਾਹਿਬ ਜੀ ਨੇ ਮੋਦੀਖ਼ਾਨਾ ਛਡਿਯਾ ਔਰ ਨਵਾਬ ਦੇ ਨਾਲ ਹਿਸਾਬ ਕੀਤਾ, ਸਤ ਸੌ ਪੈਂਹਠ (੭੬੫) ਰੁਪੀਏ ਗੁਰੂ ਸਾਹਿਬ ਜੀ ਦੇ ਨਿਕਲੇ ਸਨ । ਪੁਛਨ ਤੇ ਗੁਰੂ ਸਾਹਿਬ ਜੀ ਨੇ ਫ਼ੁਰਮਾਯਾ ਕਿ ਰੂਪੇ ਗਰੀਬੋਂ ਕੋ ਖੁਵਾ ਦੋ, ਭਾਵ ਕਿ ਏਹ ਰੂਪੀਯੋਂ ਕਾ ਲੰਗਰ ਬਨਵਾ ਕੇ ਗ਼ਰੀਬੋਂ ਕੋ ਖਿਲਾ ਦੋ । ਏਥੇ ਭੀ ਇਸ਼ਾਰਾ ਲੰਗ੍ਰ ਦਾ ਹੀ ਸੀ । ਉਸ ਤੋਂ ਬਾਦ ਗੁਰੂ ਸਾਹਿਬ ਜੀ ਉਦਾਸੀ ਬਾਣਾ ਧਾਰਕਰ ਘਰ ਨੂੰ ਤਿਆਗ ਕੇ ਨੌਂ ਖੰਡ ਪ੍ਰਿਥਮੀ ਦਾ ਦਵਰਾ ਕੀਤਾ । ਹਰ ਜਗ੍ਹਾ, ਹਰ ਸ਼ਹਿਰ, ਹਰ ਦੇਸ਼, ਹਰ ਪਿੰਡ ਏਹੀ ਉਪਦੇਸ਼ ਦ੍ਰੜਾਉਂਦੇ ਸੀ ਕਿ ਨਾਮ ਜਪੋ ਔਰ ਵੰਡ ਛਕੋ । ਅਪਨੇ ਨਗ੍ਰ ਧਰਮਸਾਲ ਪਵਾਉ । ਆਏ ਗਏ ਅਭਿਯਾਗਤ ਦੀ ਅੰਨ ਜਲ ਦੀ ਸੇਵਾ ਕਰੋ । ਏ ਭੀ ਇਸ਼ਾਰਾ ਯਾ ਹੁਕਮ ਗੁਰੂ ਸਾਹਿਬ ਜੀ ਦਾ ਲੰਗਰ ਦਾ ਹੈ । ਇਸ ਤੋਂ ਬਾਦ ਗੁਰੂ ਸਾਹਿਬ ਜੀ ਜੂਨਾਪਤ ਰਾਜੇ ਦੇ ਗਏ ਸਨ ।

## ਭਰਥਰੀ ਕੀ ਸ਼ਾਦੀ ਜੂਨਾਗੜ੍ਹ ਲੰਗ੍ਰ ਕੀ

ਭਰਥਰੀ ਦੀ ਸ਼ਾਦੀ ਕਰਾਉਣ ਨੂੰ ਜੂਨਾਪਤ ਰਾਜੇ ਦੀ ਲੜਕੀ ਨਾਲ ਪ੍ਰਸੰਗ ਬਹੁਤ ਬੜਾ ਹੈ । ਏਥੇ ਟੂਕ ਮਾਤ੍ਰ ਦ੍ਰਸਾਏ ਦਾ ਜਤਨ ਕੀਤਾ ਹੈ, ਜਿਸ ਤੇ ਟ੍ਰੈਕਟ ਕਾ ਵਿਸਥਾਰ ਬਹੁਤ ਨਾ ਹੋ ਜਾਏ । ਜਦ ਜੂਨਾਪਤ ਰਾਜਾ ਗਲ ਵਿਚ ਪੱਲਾ ਪਾ ਕੇ ਆਏ ਨਮਸਕਾਰ ਕਰੀ ਵ ਮੱਥਾ ਟੇਕਿਆ, ਹਾਥ ਜੋੜ ਕਰ ਖੜਾ ਹੋ ਕਰ ਪ੍ਰਾਰਥਨਾ ਕਰੀ ਕਿ ਮੈਨੂੰ ਕੀ ਹੁਕਮ ਹੈ? ਗੁਰੂ ਸਾਹਿਬ ਜੀ ਨੇ ਫ਼ੁਰਮਾਯਾ ਕਿ ਰਾਜਾ ਅਸੀਂ ਤੇਰੀ ਬੇਟੀ ਮੰਗਨੇ ਆਏ ਹਾਂ । ਕਲ੍ਹ ਸਵੇਰੇ ਭਰਥਰੀ ਔਰ ਤੁਮ੍ਹਾਰੀ ਬੇਟੀ ਕਾ ਸੰਜੋਗ ਹੈ ।

ਰਾਜਾ ਹੱਥ ਜੋੜ ਕਰ ਬੇਨਤੀ ਕਰੀ ਕਿ ਮਹਾਰਾਜ ਜੀ ਆਪ ਕਾ ਹੁਕਮ ਮੇਰੇ ਸਿਰ ਮੱਥੇ ਪ੍ਰ ਹੈ, ਪ੍ਰ ਹਮ ਰਾਜੇ ਹੈਂ । ਕੁਛ ਜੰਞ ਕਾ ਪ੍ਰਬੰਧ ਹੋਤਾ ਤੋ ਅੱਛਾ ਥਾ । ਗੁਰੂ ਸਾਹਿਬ ਜੀ ਨੇ ਫ਼ੁਰਮਾਯਾ ਕਿ ਜਾਉ ਰਾਜਾ ਤਿਆਰੀ ਕਰੋ । ਜੰਞ ਭੀ ਆ ਜਾਵੇਗੀ । ਉਸ ਵਕਤ ਗੁਰੂ ਸਾਹਿਬ ਜੀ ਨੇ ਕਿਹਾ ਕਿ ਹੇ ਨਿਰਗੁਣ ਪਾਰਬ੍ਰਹਮ ਜੀ, ਜੋ ਆਪ ਕੀ ਛੱਪਨ ਕਰੋੜੀ ਮੇਘਮਾਲ ਹੈ, ਓਹ ਕ੍ਰਿਪਾ ਕਰਕੇ ਭੇਜ ਦੇਉ । ਉਹ ਹਮ ਕੋ ਚਾਹੀਏ । ਵਜ਼ੀਰ ਨੇ ਜਾਕਰ ਰਾਜਾ ਕੋ ਖ਼ਬ੍ਰ ਕਰੀ ਕਿ ਰਾਜਾ ਤੇਰੇ ਸ਼ਹਿਰ ਮੇਂ ਵ ਤੇਰੀ ਰਿਯਾਸਤ ਮੇਂ ਇਤਨੀ ਜੰਞ ਆਈ ਹੈ ਕਿ ਪੈਰ ਰਖਨੇ ਨੂੰ ਜਗ੍ਹਾ ਨਹੀਂ ਹੈ । ਰਾਜੇ ਨੇ ਮਨ ਵਿੱਚ ਵਿਚਾਰਿਆ ਕਿ ਮੈਂ ਸਾਰੀ ਰਿਆਸਤ ਕਾ ਅੰਨ ਪਾਨੀ, ਸਾਰੀ ਸਮਗਰੀ ਇਕਤ੍ਰ ਕਰੇ ਬੀ ਤੋ ਏਕ ਟੈਮ ਕਾ ਭੀ ਭੋਜਨ ਨਹੀਂ ਹੋਤਾ । ਬੜਾ ਚਿੰਤਾਤੁਰ ਹੋ ਕਰ ਗਲੇ ਮੇਂ ਅੰਚਲ ਡਾਲ ਕਰ ਗੁਰੂ ਸਾਹਿਬ ਜੀ ਕੇ ਚਰਨੋਂ ਮੇਂ ਆਨ ਗਿਰ ਪੜਾ ਔਰ ਕਹਾ ਕਿ ਮਹਾਰਾਜ ਜੀ ਬਖ਼ਸ਼ੀਏ । ਅਪਨੇ ਬਿਰਦ ਕੀ ਲਾਜ

ਰਖੀਏ । ਗੁਰ ਸਾਹਿਬ ਬਚਨ ਕੀਤਾ ਕਿ ਰਾਜਾ ਤੁਧ ਆਪੇ ਹੀ ਜੰਵ ਮੰਗੀ ਆਈ ਹੈ । ਅਸਾਂ ਤਾਂ ਕੁਛ ਨਹੀਂ ਆਖਿਆ । ਰਾਜਾ ਨੇ ਕਹਾ ਕਿ ਮਹਾਰਾਜ ਮੈਂ ਭੁੱਲਾ ਹੂੰ । ਬਖ਼ਸ਼ੀਏ । ਮਹਾਰਾਜ ਜੀ ਨੇ ਕਿਹਾ ਕਿ ਜਾਉ ਰਾਜਾ, ਜਿੱਥੋਂ ਜੰਵ ਆਈ ਹੈ, ਭੋਜਨ ਭੀ ਓਥੋਂ ਹੀ ਆ ਜਾਵੇਗਾ ।

ਉਸ ਵਕਤ ਰਾਜਾ ਚਲਾ ਗਿਆ ਔਰ ਗੁਰੂ ਸਾਹਿਬ ਜੀ ਨੇ ਉਸੀਤ੍ਰਾਂ ਫੇਰ ਅਰਦਾਸ ਕੀਤੀ ਕਿ ਹੇ ਨਿਰਗੁਨ ਪਾਰਬ੍ਰਹਮ, ਅਪਨੇ ਜੋ ਮੇਘਮਾਲਾ ਭੇਜੀ ਹੈ, ਉਸ ਦਾ ਅਹਾਰ ਭੋਜਨ ਵ ਲੰਗਰ ਭੀ ਭੇਜਨ ਦੀ ਕ੍ਰਿਪਾਲਤਾ ਕਰੋ । ਬਸ ਏਕ ਦਮ ਪੰਗਤਾਂ ਲੱਗ ਗਈਆਂ । ਕੁਮੇਰ ਭੰਡਾਰੀ ਪੌਣ ਦੇਵਤੇ ਦੇ ਹੱਥ ਥਾਲ ਪ੍ਰੋਸ ਪ੍ਰੋਸ ਕੇ ਦੇਈ ਗਯਾ । ਅਕਾਸ ਮਾਰਗ ਤੋਂ ਲੱਗੇ ਲਗਾਏ ਥਾਲ ਉਤਰਦੇ ਗਏ । ਥੋੜ੍ਹੀ ਦੇਰ ਵਿਚ ਸਭ ਨੂੰ ਲੰਗ੍ਰ ਵਰਤ ਗਿਆ ਵ ਸਭ ਨੇ ਤ੍ਰਿਪਤ ਹੋ ਕਰ ਛਕਿਆ । ਇਸ ਪ੍ਰਸੰਗ ਤੋਂ ਦੋ ਭਾਵ ਦਰਸਾਨੇ ਦੀ ਕੋਸ਼ਿਸ਼ ਕੀਤੀ ਗਈ ਹੈ । ਏਕ ਤਾਂ ਗੁਰੂ ਸਾਹਿਬ ਜੀ ਨੇ ਲੰਗ੍ਰ ਕਰਕੇ (੫੬) ਛੱਪਨ ਕਰੋੜ ਨੂੰ ਵਰਤਾਯਾ । ਜੂਨਾਗੜ੍ਹ ਵਿਚ ਭੀ ਏਹ ਪਹਿਲਾ ਲੰਗ੍ਰ ਜਾਰੀ ਕੀਤਾ । ਦੂਜਾ ਭਾਵ ਬੈਕੁੰਠ ਤੋਂ ਬਨੇ ਬਨਾਯਾ ਭੋਜਨ ਆਂਵਦਾ ਰਹੇ । ਇਸ ਦਾ ਮਤਲਬ ਏਹ ਹੋਯਾ, ਜੇ ਗੁਰੂ ਨਾਨਕ ਸਾਹਿਬ ਦੇ ਕੋਟਾਂ ਬ੍ਰਹਮੰਡ ਵਿੱਚ ਧ੍ਰਮਸਾਲਾ ਹਨ । ਕਥਾ ਕੀਰਤਨ ਹੁੰਦਾ ਹੈ । ਸਮਾਪਤੀ ਤੋਂ ਬਾਦ ਕੜ੍ਹਾਹ ਪ੍ਰਸਾਦਿ ਵਰਤਦਾ ਹੈ ਔਰ ਲੰਗਰ । ਪ੍ਰਮਾਨ ਵਜੋਂ ਦੇਖੋ, ਭਾਈ ਗੁਰਦਾਸ ਜੀ ਦੀ ਵਾਰ ਵਿੱਚੋਂ ਬਗਦਾਦ ਵਾਲੀ ਸਾਖੀ: -

ਨਾਲ ਲੀਤਾ ਬੇਟਾ ਪੀਰ ਦਾ ਅੱਖੀਂ ਮੀਟਿ ਗਇਆ ਹਵਾਈ ।
ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ ।
ਭਰਿ ਕਚਕੌਲ ਪ੍ਰਸਾਦਿ ਦਾ ਧੁਰੋਂ ਪਤਾਲੋਂ ਲਈ ਕੜਾਹੀ ।[੧]

ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਕੋਟਾਂ ਬ੍ਰਹਮੰਡਾਂ ਵਿਚ ਧਰਮਸਾਲਾ ਹਨ । ਕਥਾ ਕੀਰਤਨ ਲੰਗਰ ਹੁੰਦੇ ਰਹਿੰਦੇ ਹਨ ।

## (ਗੋਰਖ ਸਿੱਧਾਂ ਦੀ)

ਏਕ ਦਫ਼ਾ ਗੁਰੂ ਨਾਨਕ ਜੀ ਪਾਸ ਗੋਰਖ ਨਾਥ ਸਮੇਤ ਸਿੱਧ ਮੰਡਲੀ ਆਈ । ਆਦੇਸ ਆਦੇਸ ਕਹਿ ਕਰ ਬੈਠ ਗਏ ਔਰ ਕਹਾ ਕਿ ਤਪਾ ਜੀ, ਆਪ ਇਹਾਂ ਪ੍ਰ ਪਹਿਲੇ ਸੇ ਬੈਠੇ ਹੋ । ਸਾਨੂੰ ਭੁੱਖ ਲੱਗੀ ਹੈ । ਗੁਰੂ ਸਾਹਿਬ ਨੇ

(ਸਿੱਧਾਂ ਨੇ ਛਲ ਕਰ ਕੇ ਬੈਠਨਾ)

---

[੧] ਪਉੜੀ ੩੬, ਵਾਰ ਪਹਿਲੀ ।

ਫੁਰਮਾਯਾ ਕਿ ਸਿੱਧੋ, ਨਾਥੋ, ਬੈਠੋ । ਅਸੀਂ ਜੰਗਲ ਵਿਚ ਜਾਂਦੇ ਹਾਂ । ਜੋ ਹੱਥ ਲੱਗੇਗਾ ਤੁਹਾਨੂੰ ਆ ਕੇ ਛਕਾ ਦੇਵਾਂਗੇ । ਇਉਂ ਬਚਨ ਕਰਕੇ ਗੁਰੂ ਸਾਹਿਬ ਜੀ ਜੰਗਲ ਵਲ ਚਲੇ ਗਏ, ਤਾਂ ਸਿੱਧਾਂ ਨੇ ਵਿਚਾਰਿਆ ਕਿ ਨਾਨਕ ਤਪਾ ਫੁਲ ਫਲ ਲੇ ਆਵੇਗਾ । ਆਪ ਸਾਰੇ ਵਡੀ ਉਮਰ ਦੇ ਬੁੱਢੇ ਬਣ ਕੇ ਬਹਿ ਜਾਉਨ ਔਰ ਕਹਾਂਗੇ ਕਿ ਸਾਡੇ ਮੂੰਹ ਵਿਚ ਦੰਦ ਨਹੀਂ ਹੈਂ । ਕਿਸ ਤ੍ਰਾਂ ਖਾਈਏ । ਇਸਤ੍ਰਾਂ ਮਸਲਤ ਕਰਕੇ ਸਾਰੇ ਬਹੁਤ ਬੁੱਢੇ ਹੋ ਕੇ ਬੈਠ ਗਏ । ਉਧਰ ਜੋ ਗੁਰੂ ਸਾਹਿਬ ਜੀ ਜੰਗਲ ਵਿੱਚ ਸਨ, ਬ੍ਰਹਮਾ, ਬਿਸ਼ਨੂੰ, ਮਹੇਸ਼, ਵ ਸ਼ਿਵ ਜੀ ਔਰ ਇੰਦ੍ਰ ਸਿੱਧਾਂ ਦੀ ਏ ਚਾਲ ਦੇਖ ਕਰ ਨਾਮਸ ਸਰੂਪ ਧਾਰ ਕਰ ਸਿਰ ਤੇ ਸਮਗਰੀ ਦੀਆਂ ਪੰਡਾਂ ਚੁਕ ਕੇ ਆਏ ਔਰ ਏਕ ਸਿਰ ਤੇ ਪਾਣੀ ਦੀ ਗਾਗਰ ਸੀ । ਪਾਣੀ ਦੀ ਗਾਗ੍ਰ ਵਾਲਾ ਇੰਦ੍ਰ ਦੇਵਤਾ ਸੀ । ਗੁਰੂ ਸਾਹਿਬ ਜੀ ਦੇ ਸਨਮੁਖ ਆਏ ਔਰ ਨਮਸਕਾਰ ਕਰੀ ਔਰ ਕਹਾ ਕਿ ਨਾਨਕ ਨਿਰੰਕਾਰੀ ਜੀ, ਏਹ ਸਮਗ੍ਰੀ ਹਾਜ਼ਰ ਹੈ, ਪ੍ਰਵਾਨ ਕਰੋ ।

(ਸਿੱਧਾਂ ਨੂੰ ਪ੍ਰਸਾਦਿ ਵਰਤਾਨਾ)

ਗੁਰੂ ਸਾਹਿਬ ਜੀ ਅੱਗੇ ਤੁਰ ਪਏ । ਪਿੱਛੋਂ ਏਹ ਚਾਰੇ ਸਮਗ੍ਰੀ ਲੈ ਕੇ ਤੁਰੀ ਗਏ, ਜਿੱਥੇ ਸਿੱਧ ਬੈਠੇ ਸਨ । ਗੁਰੂ ਸਾਹਿਬ ਜੀ ਉਥੈਂ ਜਾ ਕੇ ਖੜੇ ਹੋ ਗਏ । ਏਹ ਚਾਰੋਂ ਨੇ ਸਮਗਰੀ ਦੇ ਪੰਡਾਂ ਰਖ ਕੇ ਨਮਸ਼ਕਾਰ ਕਰਕੇ ਪ੍ਰਦਛਨਾ ਕਰਕੇ ਥੋੜੀ ਦੂਰ ਜਾ ਕੇ ਅਲੋਪ ਹੋ ਕੇ ਅਪਨੇ ਪੁਰੀਆਂ ਨੂੰ ਗਏ ।

ਗੁਰੂ ਸਾਹਿਬ ਜੀ ਨੇ ਹੁਕਮ ਕੀਆ ਕਿ ਭਾਈ ਬਾਲਾ ਲਕਦੀ ਅੱਦ ਬਾਲ ਕੇ ਏਹ ਸਮਗ੍ਰੀ ਦਾ ਕੜਾਹ ਪ੍ਰਸਾਦਿ ਬਨਾਓ । ਥੋੜੀ ਦੇਰ ਬਾਦ ਕੜਾਹ ਪ੍ਰਸਾਦਿ ਤਿਆਰ ਹੋ ਗਯਾ । ਅ੍ਰਦਾਸ ਸੋਧ ਕਰ ਭਾਈ ਬਾਲਾ ਜੀ ਗੁਰੂ ਸਾਹਿਬ ਜੀ ਨੇ ਸਭ ਸਿੱਧ ਮੰਡਲੀ ਕੀ ਪੰਗਤ ਲਗਾ ਕਰ ਖੁੱਲ੍ਹਾ ਖੁੱਲ੍ਹਾ ਪ੍ਰਸਾਦਿ ਵਰਤਾ ਕਰ ਸਭਨਾਂ ਨੂੰ ਤ੍ਰਿਪਤ ਕੀਆ ਔਰ ਦੇਖ ਕਰ ਗੁਰੂ ਸਾਹਿਬ ਐਸੇ ਖ਼ੁਸ਼ ਹੋਤੇ ਭਏ, ਜੈਸੇ ਕਿ ਸੱਚਾ ਸੌਦਾ ਕਰਨੇ ਵਕਤ ਸਭ ਸੰਤ ਮੰਡਲੀ ਕੀ ਪੰਗਤ ਲਗਾ ਕਰ ਔਰ ਵਰਤਾ ਕਰ ਸਭ ਕੋ ਤ੍ਰਿਪਤ ਕਰ ਖ਼ੁਸ਼ ਹੋਏ ਥੇ, ਵੈਸੇ ਹੀ ਖ਼ੁਸ਼ ਹੋਤੇ ਭਏ, ਭਾਵ ਕਿ ਏਸ ਜਗ੍ਹਾ ਭੀ ਮਹਾਰਾਜ ਜੀ ਕਾ ਲੰਗ੍ਰ ਹੁਆ ਹੈ ।

(ਤਿਲ ਦੀ)

ਏਕ ਦਫ਼ਾ ਗੁਰੂ ਸਾਹਿਬ ਜੀ ਕੇ ਪਾਸ ਸਿੱਧ ਮੰਡਲੀ ਆਈ ਔਰ ਅਪਨੇ ਮਨ ਮੇ ਵਿਚਾਰ ਕਰਕੇ ਆਏ ਕਿ ਨਾਨਕ ਤਪਾ ਸਭ ਕੋ ਉਪਦੇਸ਼ ਕਰਤੇ ਹੈ ਕਿ ਸਭ ਕੋ ਵੰਡ ਕਰ ਖਾਨਾ । ਸੋ, ਹਮ ਏਕ ਤਿਲ ਗੁਰੂ ਸਾਹਿਬ ਜੀ ਕੇ ਭੇਟਾ ਚੜ੍ਹਾਤੇ ਹੈਂ । ਦੇਖੀਏ ਕੈਸੇ ਸਭ ਕੋ ਵਰਤਾਇਂਗੇ ? ਉਸ ਵਖਤ ਗੁਰੂ ਸਾਹਿਬ ਜੀ ਨੇ ਭਾਈ ਬਾਲੇ ਨੂੰ ਹੁਕਮ ਕੀਤਾ ਕਿ ਤਿਲ ਦਾ ਰਗੜਾ ਲਾ ਕੇ ਸ੍ਰਦਾਈ ਬਨਾਕੇ ਸਭ ਕੋ ਵਰਤਾਓ । ਐਸੇ ਮਹਾਰਾਜ ਜੀ ਨੇ ਅਨੇਕ ਪ੍ਰਸੰਗ ਹੈਂ । ਇਸ ਜਗ੍ਹਾ ਟੂਕ ਮਾਤ੍ਰ ਹੀ ਦਰਸਾਨੇ ਕਾ ਜਤਨ ਕੀਆ ਗਿਯਾ ਹੈ ।

(ਪੱਖੋ ਕੇ ਰੰਧਾਵੇ ਕੀ)

ਜਿਸ ਵਖਤ ਗੁਰੂ ਸਾਹਿਬ ਜੀ ਨੇ ਚਾਰ ਪੰਜ ਉਦਾਸੀਆਂ ਪੂਰੀਆਂ ਕਰਕੇ ਪੱਖੋ ਕੇ ਰੰਧਾਵੇ

(ਕਰਤਾਰਪੁਰ ਦੀ)

ਆਏ ਔਰ ਵਹਾਂ ਕੇ ਚੌਧਰੀ ਖੂਹ ਪ੍ਰ ਬੈਠੇ, ਕਥਾ ਕੀਰਤਨ ਹੋਨੇ ਲੱਗਾ । ਸਾਰਾ ਸ਼ਹਿਰ ਦਰਸ਼ਨ ਕੋ ਆਨੇ ਲਗੇ । ਗੁਰੂ ਸਾਹਿਬ ਸਭੁ ਕੋ ਸਤਿਨਾਮ ਦਾ ਉਪਦੇਸ਼ ਦੇਤੇ ਥੇ । ਉਸ ਵਕਤ ਪ੍ਰਮ ਪੂਜ ਮਾਤਾ ਸੁਲਖਨੀ ਜੀ ਨੇ ਸੁਨਾ ਕਿ ਮੇਰੇ ਪਤੀ ਸਵਾਮੀ ਜੀ ਬਾਹਰ ਖੂਹਵੇ ਪ੍ਰ ਆਸਨ ਲਗਾ ਕਰ ਬੈਠੇ ਹੈਂ, ਦੂਰ ਦੂਰ ਸੇ ਸੰਗਤ ਆਕਰ ਕਰਸ਼ਨ ਕਰਤੇ ਹੈਂ, ਕਥਾ ਕੀਰਤਨ ਸ੍ਰਵਨ ਕਰਕੇ ਅਪਨਾ ਜਨਮ ਸਫਲ ਕਰਤੇ ਔਰ ਨਗ੍ਰ ਨਿਵਾਸੀ ਭੀ ਹਰ ਤਰਾਂ ਸੇ ਗੁਰੂ ਸਾਹਿਬ ਦੀ ਸੇਵਾ ਕਰਤੇ ਹੈਂ, ਅਪਨੀ ਗੋਲੀ ਕੇ ਹਾਥ ਦਰਸ਼ਨ ਕਰਨੇ ਕੀ ਆਗਿਆ ਮਾਂਗੀ । ਗੁਰੂ ਸਾਹਿਬ ਜੀ ਨੇ ਫੁਰਮਾਇਆ ਕਿ ਦਰਸਨ ਕਰਨੇ ਕੀ ਕਿਸੀ ਕੋ ਰੋਕ ਨਹੀਂ ਹੈ । ਬੇਸ਼ਕ ਆ ਸਕਤੇ ਹੈਂ । ਏਹ ਸੁਣਿ ਕਰ ਮਾਤਾ ਜੀ ਬਹੁਤ ਖ਼ੁਸ਼ ਹੂਏ । ਜਥਾ ਸ਼ਕਤ ਭੇਟਾ ਪ੍ਰਸਾਦਿ ਰਖ ਕਰ ਨਮਸਕਾਰ ਕਰੀ । ਮੱਥਾ ਟੇਕਾ । ਇਹਾਂ ਪ੍ਰ ਜਾਦਾ ਵਿਸਥਾਰ ਹੋਨੇ ਸੇ ਸੰਕੋਚ ਕੀਆ ਗਯਾ ਹੈ । ਆਖਰਿ ਮੇਂ ਮਾਤਾ ਜੀ ਨੇ ਹਾਥ ਜੋੜ ਕਰ ਬੇਨਤੀ ਵ ਪ੍ਰਾਥਨਾ ਕਰੀ ਕਿ ਸੁਆਮੀ ਜੀ ਅਪਨੇ ਚਰਨਾਂ ਵਿਚ ਰਹਿਨ ਦੀ ਆਗਿਯਾ ਬਖ਼ਸ਼ੋ । ਗੁਰੂ ਜੀ ਨੇ ਫੁਰਮਾਇਆ ਵ ਬਚਨ ਕੀਤਾ ਕਿ ਸੁਲੱਖਨੀਏ, ਜੇ ਤੂੰ ਆਏ ਸੰਗਤਾਂ ਦੀ ਸੇਵਾ ਕਰਨੀ ਹੈ ਔਰ ਸੰਗਤ ਨੂੰ ਅਪਨੇ ਬੱਚੀਆਂ-ਬੱਚੇ ਸਮਝ ਕੇ ਵ ਜਾਨ ਕੇ ਹੱਥੀਂ ਲੰਗਰ ਬਨਾਓਨਾਂ ਵਰਤਾਵਨਾਂ, ਛਕਾਵਨਾਂ ਮਨਜ਼ੂਰ ਹੈ ਈ, ਤਾਂ ਬੇਸ਼ਕ ਰਹੋ । ਏਹ ਹੁਕਮ ਪਾਏ ਕੇ ਮਾਤਾ ਜੀ ਉਸ ਦਿਨ ਤੋਂ ਸਾਰੀ ਉਮ੍ਰ ਕਰਤਾਰਪੁਰ ਲੰਗਰ ਦੀ ਸੇਵਾ ਕਰਦਿਆਂ ਬੀਤਾਇਆ । ਸਾਖੀ ਦਾ ਭਾਵ ਮਤਲਬ ਬਣੇ ਹੈ ਕਿ ਗੁਰੂ ਸਾਹਿਬ ਜੀ ਨੇ ਅਪਨੇ ਘਰਵਾਲੀ ਸ੍ਰੀਮਾਨ ਯੋਗ ਸੁਲੱਖਣੀ ਜੀ ਨੂੰ ਲੰਗਰ ਚਲਾਵਨ ਔਰ ਸੇਵਾ ਕਰਨ ਦੀ ਆਗਿਯਾ ਦਿੱਤੀ ਸੀ ।

(ਮਿਠਾਈ ਦੀ ਕਰਤਾਰਪੁਰ)

ਏਕ ਦਫ਼ਾ ਗੁਰੂ ਸਾਹਿਬ ਜੀ ਕਰਤਾਰਪੁਰ ਬੈਠੇ ਸਨ । ਜਨਮਸਾਖੀ ਵਿੱਚ ਪ੍ਰਸੰਗ ਆਇਆ ਹੈ ਕਿ ਗੁਰੂ ਬਾਬਾ ਜੀ ਦੇ ਦਰਸ਼ਨ ਨੂੰ ਬੇਅੰਤ ਹੀ ਸੰਗਤ ਇਕੱਤਰ ਆਣ ਹੋਈਆਂ । ਬੜਾ ਭਾਰੀ ਜੋੜ ਮੇਲਾ ਲੱਗਾ । ਕੁਦਰਤ ਕਰਤਾਰ ਦੀ ਨਾਲ ਝੜੀ ਲੱਗੀ ਰਹੀ । ਮੁਸਲਾਧਾਰ ਪਾਣੀ ਬਾਰਸ਼ ਹੁੰਦੀ ਰਹੀ । ਜਦ ਬਾਰਸ਼ ਰੁਕੀ ਔਰ ਸੂਰਜ ਚਮਕਿਆ, ਗੁਰੂ ਸਾਹਿਬ ਜੀ ਖੁੱਲ੍ਹੇ ਮੈਦਾਨ ਜਿਵੱਚ ਕਿੱਕਰ ਦੇ ਦਰਖ਼ਤ ਹੇਠਾਂ ਆਂਸਨ ਲਾ ਕੇ ਬੈਠੇ ਸਨ । ਸੰਗਤਾਂ ਚਾਰੋਂ ਤ੍ਰਫ਼ੋਂ ਹੁੰਮ ਹੁੰਮਾਕੇ ਆਈਆਂ ਦਰਸ਼ਨ ਔਰ ਨਮਸਕਾਰ ਕਰਨੇ ਵਖਤ ਸੰਗਤਾਂ ਬਹੁਤ ਭੁੱਖੀਆਂ ਸਨ, ਕਿਉਂਕਿ ਤੀਨ ਦਿਨ ਤੋ ਸੁੱਕਾ ਬਾਲਨ ਨਾ ਮਿਲਨ ਕਰਕੇ ਲੰਗਰ ਨਹੀਂ ਤਿਆਰ ਹੋਯਾ ਸੀ । ਸੰਗਤਾਂ ਦੀ ਤਕਲੀਫ਼ ਨੂੰ ਦੇਖ ਕੇ ਗੁਰੂ ਮਹਾਰਾਜ ਜੀ ਨੇ ਬਚਨ ਕੀਤਾ ਕਿ ਭਾਈ ਪ੍ਰੇਮੀਓ, ਪ੍ਰਬੰਧਕੋ, ਸੇਵਾਦਾਰੋ, ਏਸ ਦਰਖ਼ਤ ਤੇ ਚੜ੍ਹ ਕਰ ਹਲੂਨੇ ਦੇਉ ਔਰ ਲੱਡੂ, ਪੇੜੇ, ਜਲੇਬੀਆਂ ਦੇ ਖੁੱਲ੍ਹੇ ਗੱਫੇ ਸੰਗਤਾਂ ਨੂੰ ਛਕਾ ਕੇ ਤ੍ਰਿਪਤ ਕਰੋ । ਸਾਰੇ ਏਹ ਹੁਕਮ ਸੁਣਿ ਕਰ ਚੁਪ ਹੋ ਗਏ ।

(ਮਿਠਾਈ ਝਾੜਨ ਦੀ)

ਔਰ ਦੇਖਨ ਲਗੇ ਔਰ ਸੋਚਨ ਲੱਗੇ ਕਿ ਕਦੇ ਦਰਖ਼ਤਾਂ ਨੂੰ ਭੀ ਲੱਡੂ, ਪੇੜੇ, ਜਲੇਬੀਆਂ ਵ ਛੱਤੀਸ ਪਦਾਰਥ ਲਗੀਆਂ । ਗੁਰੂ ਸਾਹਿਬ ਜੀ ਨੇ ਫੇਰ ਕਿਹਾ ਕਿ ਭਾਈ ਜਲਦੀ ਕਰੋ । ਦਰਖ਼ਤ ਨੂੰ ਹਲੂਨਾ ਦੇਉ । ਫੇਰ ਭੀ ਸਾਰੇ ਚੁੱਪ ਹੋ ਰਹੇ । ਫੇਰ ਤੀਸ੍ਰੀ ਦਫ਼ਾ ਬਨਚ ਕਰਨੇ ਪ੍ਰ ਲੈਹਣਾ ਜੀ ਉਠੇ । ਕਮ੍ਰਕੱਸਾ ਕੱਸ ਕੇ ਦਰਖ਼ਤ ਤੇ ਚੜ ਗਏ ਔਰ ਖ਼ੂਬ ਜ਼ੋਰ ਦੇ ਹਲੂਨੇ ਦੇਨ ਲੱਗੇ । ਦਰਖ਼ਤ ਤੋਂ ਛੇਤੀਸ ਪਦਾਰਥ ਝੜਨ ਲੱਗੇ । ਸਭ ਸੰਗਤ ਏਹ ਕੌਤਕ ਦੇਖ ਕਰ ਬਿਸਮੇ ਵ ਅਚਰਜਤਾ ਕੋ ਪ੍ਰਾਪਤ ਹੋਏ ਔ੍ਰ ਦੌੜ ਦੌੜ ਕਰ ਰੱਜ ਰੱਜ ਕੇ ਗਫ਼ੇ ਲਾਏ । ਏਕ ਦੂਸ੍ਰੇ ਪ੍ਰ ਡਿੱਗਤੇ ਜਾਨ ਔਰ ਏਕ ਦੂਜੇ ਤੋਂ ਅੱਗੇ ਹੋਨ ਦੀ ਕੋਸ਼ਿਸ਼ ਕਰਨ । ਮਾਨੋ ਕਿ ਲੂਟ ਪੈ ਗਈ ਹੈ । ਗੁਰੂ ਸਾਹਿਬ ਜੀ ਦੇਖ ਕਰ ਬੜੇ ਖ਼ੁਸ਼ ਹੋ ਰਹੇ ਸਨ । ਜਿਸਤ੍ਰਾਂ ਕਿ ਸੱਚੇ ਸੌਦਾ ਕਰਨ ਦੇ ਵਖਤ ਸੰਤ ਮੰਡਲੀ ਦੀਆ ਪੰਗਤਾਂ ਲਗਾ ਕੇ ਉਨ੍ਹਾਂ ਨੂੰ ਰਜ ਰਜ ਕੇ ਭੋਜਨ ਤ੍ਰਿਪਤ ਹੋਯਾ ਦੇਖ ਕੇ ਖ਼ੁਸ਼ ਹੋਏ ਸਨ ।ਇਸਤ੍ਰਾਂ ਗੁਰੂ ਨਾਨਕ ਨਿਰੰਕਾਰ ਜੀ ਦੇ ਇਤਹਾਸ ਵਿਚ ਬੇਅੰਤ ਜਗ੍ਹਾ ਲੰਗਰ ਦਾ ਜ਼ਿਕਰ ਆਉਂਦਾ ਹੈ, ਜੇੜ੍ਹਾ ਉਨ੍ਹਾਂ ਨੇ ਆਪ ਚਲਾਯਾ ਔਰ ਵਰਤਾਯਾ ਇਤਆਦਿਕ ਬੇਅੰਤ ਪ੍ਰਸੰਗ ਆਉਂਦੇ ਹਨ । ਇਥੇ ਚੇਤਾਵਨੀ ਮਾਤ੍ਰ ਹੀ ਦ੍ਰਸਾਵਨ ਦੀ ਜੋ ਇਸ ਗੁਰੂ ਨਾਨਕ ਦੀ ਅਪਾਰ ਕਿਰਪਾ ਦਵਾਰਾ ਕੀਤੀ ਗਈ ਹੈ । ਭੁੱਲ ਚੁੱਕ ਮਾਫ਼ ਕਰੋ ।

(ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗ੍ਰ ਦੀ)

ੴ ਸਤਿਗੁਰ ਪ੍ਰਸਾਦਿ॥

(ਪ੍ਰਮਾਨ ਵਜੋਂ)

ਗੁਰੂ ਅੰਗਦ ਸਾਹਿਬ ਜੀ ਦੇ ਲੰਗ੍ਰ ਵਿਚ ਗੁਰੂ ਅਮਰਦਾਸ ਜੀ ਸੇਵਾ ਕਰਦੇ ਰਹੇ ਹੈਂ । ਇਤਹਾਸ ਸਬੂਤ ਹੈ । ਇਦਤ੍ਰਾਂ ਗੁਰੂ ਰਾਮਦਾਸ ਜੀ ਮਹਾਰਾਜ ਜੀ ਦੇ ਲੰਗ੍ਰ ਦਾ ਭੀ ਇਤਹਾਸ ਹੈ, ਕਿਉਂਕਿ ਗੁਰੂ ਰਾਮਦਾਸ ਸਾਹਿਬ ਜੀ ਦੇ ਵਖਤ ਲੰਗ੍ਰ ਬੜੇ ਪੈਮਾਨੇ ਚਲਦਾ ਰਿਹਾ ਸੀ । ਸਬੂਤ ਵਜੋਂ ਹਰਿਮੰਦ੍ਰ ਸਾਹਿਬ ਅਜ਼ੌਰ ਸ੍ਰੋਵਰ ਦੀ ਸੇਵਾ ਹੋ ਰਹੀ ਸੀ । ਬਾਰਹੋਂ ਸੇਵਾ ਨੂੰ ਆਈਆਂ ਸੰਗਤਾਂ ਲੰਗ੍ਰ ਵਿਚ ਪ੍ਰਸਾਦਾ ਛਕਦੇ । ਇਸੇ ਤਰਾਂ ਗੁਰੂ ਅਰਜਨ ਸਾਹਿਬ ਜੀ ਦੇ ਲੰਗਰ ਦਾ ਬਾਕੀ ਰਹੇਗਾ ਪ੍ਰਸੰਗ ਭਾਈ ਮੰਝ ਜੀ ਨੂੰ ਗੁਰੂ ਸਾਹਿਬ ਜੀ ਨੇ ਲੰਗ੍ਰ ਦੀ ਸੇਵਾ ਦਾ ਹੁਕਮ ਕੀਤਾ ਸੀ, ਜਿਸ ਤੇ ਉਨ੍ਹਾਂ ਨੇ ਲੰਗ੍ਰ ਦੀ ਬੜੀ ਕਠਨ ਸੇਵਾ ਕੀਤੀ, ਜਿਨ੍ਹਾਂ ਦੇ ਪ੍ਰਸੰਗ ਬੜਾ ਹੋਨ ਤੋਂ ਸੰਕੋਚ ਕੀਤਾ ਗਯਾ ਹੈ । ਆਖ਼ੀਰ ਲੰਗਰ ਵਾਸਤੇ ਲਕੜਾਂ ਦਾ ਭਾਰ ਚੁੱਕੇ ਆਉਂਦੇ ਵਖਤ ਮੀਂਹ ਹਨੇਰੀ ਦਾ ਜ਼ੋਰ ਪੈਨ ਕਰਕੇ ਭਾਈ ਮੰਝ ਜੀ ਸਣੇ ਲਕੜਾਂ ਕੇ ਭਾਰੇ ਖੂਹ ਵਿਚ ਡਿਗ ਪਏ ਸਨ । ਉਧਰ ਗੁਰੂ ਸਾਹਿਬ ਅੰਤ੍ਰਜਾਮੀ ਏਕਦਮ ਸਿੰਘਾਸਨ ਤੋਂ ਉਠ ਖੜੇ ਹੋਏ । ਬੇਬਲਤਾ ਵਿਚ ਬਹਿਨ ਲਗੇ, 'ਚਲੋ, ਚਲੋ, ਸੰਗਤੇ, ਖੂਹ ਜਿਵਚ ਡਿੱਗੇ ਸਿੰਘ ਨੂੰ ਬਾਹਰ ਨਿਕਾਲੀਏ' । ਏਹ ਹੁਕਕਮ ਸੰਗਤ ਨੂੰ ਸੁਨਾ ਲੀਆ । ਆਪ ਨੰਗੀਂ ਪੈਰੀਂ ਗੁਰੂ ਖੂਹ ਤੇ ਪਹੁੰਚ ਕੇ ਸਤਿਗੁਰੂ ਜੀ ਨੇ ਅਵਾਜ਼ ਦਿੱਤੀ, 'ਆਓ ਭਾਈ ਮੰਝ ਬਾਹਰ ਜੀ । ਹੋ ਗਏ ਤੁਸੀਂ ਭਵਜਲੋਂ ਪਾਰ ਜੀ ।' ਮੰਝ ਕਹੇ, 'ਦਾਤਾਰ ਜੀ, ਪਹਿਲੇ ਲਕੜਾਂ ਨੂੰ ਕੱਢੋ ਬਾਹਰ ਜੀ । ਫੇਰ ਮੇਰੀ ਕਰਨੀ ਸੰਭਾਲ ਜੀ ।' ਲਕੜਾਂ ਕੱਢ ਸਿੱਖ ਨੂੰ

ਨਿਕਾਲਿਆ। ਪਾਨੀ ਚਿਕੜ ਨਾਲ ਲਿਬੜਿਆ ਗੁਰੂ ਜੀ ਨੇ ਛਾਤੀ ਨਾਲ ਲਾ ਲਿਆ ਔਰ ਬੇਅੰਤ ਵਰ ਦਿੱਤੇ (ਪ੍ਰਮਾਨ ਵਜੋਂ) 'ਮੰਝ ਗੁਰੂ ਕਾ ਬੋਹਿਥਾ ਜਗ ਲੰਘਾਵਣਹਾਰਾ' । ਏਹ ਪ੍ਰਸੰਗ ਗੁਨੀ ਵਿਦਵਾਨ-ਜਨ ਪੂਰਾ ਪ੍ਰਸੰਗ ਇਤਹਾਸ ਤੋਂ ਦੇਖ ਸਕਤੇ ਹੈਂ ।

ਬੇਰੀ ਹੇਠਾਂ ਬੈਠੇ ਗੁਰੂ ਬੇਰੀ ਭੀ ਨਿਹਾਲ ਹੋਈ। ਰਿਠੇ ਵਲ ਡਿੱਠਾ, ਰਿਠਾ ਮਿੱਠਾ ਹੋਇ ਜਾਂਵਦਾ। ਅੱਕਾਂ ਦੀਆਂ ਭਕੜੀਆਂ ਦੇਖ ਕੇ ਨਿਹਾਲ ਹੋਈਆਂ । ਅੰਬ ਤੇ ਅਨਾਰ ਮਰਦਾਨਾ ਤੋੜ ਖਾਂਵਦਾ । ਕਿੱਕਰਾਂ ਤੋਂ ਮਿਠਾਈਆਂ ਝੜਵਾਈਆਂ ਮੇਰੇ ਸਤਿਗੁਰਾਂ ਨੇ। ਖਾਰਾ ਜਲ ਚਰਨ ਛੋਵੈ, ਮਿੱਠਾ ਹੋਏ ਜਾਂਵਦਾ॥ ਪਸ਼ੂ ਤੇ ਪ੍ਰਤੇ, ਪੰਛੀ ਤਾਰੇ ਮੇਰੇ ਸਤਿਗੁਰਾਂ ਨੇ। ਬੰਦਾ ਕਿਉਂ ਨਾ ਤਰੇ, ਜੇੜ੍ਹਾ ਸ਼ਰਣ ਚੱਲ ਆਂਵਦਾ?

ਇਸੇ ਲੰਗਰ ਦੀ ਆਗਿਯਾ ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਚਲਾਵਨ ਦੀ ਆਗਿਯਾ ਕੀਤੀ। ਏਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਅਮ੍ਰਦਾਸ ਸਾਹਿਬ ਜੀ ਨੂੰ ਲੰਗ੍ਰ ਚਲਾਵਨ ਦੀ ਆਗਿਯਾ ਕੀਤੀ ਸੀ। ਗੁਰੂ ਅਮਰਦਾਸ ਸਾਹਿਬ ਜੀ ਨੇ ਹੁਕਮ ਜਾਰੀ ਕਰ ਦਿੱਤਾ ਸੀ ਕਿ ਜੇੜ੍ਹਾ ਪਹਿਲੇ ਲੰਗਰੋਂ ਪ੍ਰਸ਼ਾਦਾ ਛੱਕ ਕੇ ਆਏਗਾ, ਉਸਨੂੰ ਦਰਸ਼ਨ ਹੋਨਗੇ। ਜੋ ਨਹੀਂ ਛੱਕੇਗਾ, ਦਰਸ਼ਨ ਨਹੀਂ ਹੋਨਗੇ। ਜਿਸ ਤੇ ਉਸ ਵਕਤ ਦਾ ਕਿੱਲੀ ਦਾ ਪਾਤਸ਼ਾਹ ਅਕਬਰ ਬਾਦਸ਼ਾਹ ਨੂੰ ਜਦ ਏਹ ਹੁਕਮ ਸੁਨਾਯਾ ਗਿਆ, ਤਾਂ ਬਾਦਸ਼ਾਹ ਅਕਬਰ ਤੀਨ ਦਿਨ ਲਗਾਤਾਰ ਲੰਗ੍ਰ ਤੋਂ ਪ੍ਰਸਾਦਾ ਛੱਕੇ ਬਿਨਾਂ ਦਰਸ਼ਨ ਦੀ ਆਗਿਯਾ ਮੰਗਦਾ ਰਿਹਾ ਔਰ ਗੁਰੂ ਸਾਹਿਬ ਦਾ ਹੁਕਮ ਬਾਦਸ਼ਾਹ, ਅਮੀਰਾਂ, ਗ਼ਰੀਬ, ਕੰਗਾਲ ਸਭ ਵਾਸਤੇ ਏਕੋ ਜਿਹਾ ਸੀ। ਜਿਸ ਤੇ ਤੀਸਰੇ ਦਿਨ ਬਾਦਸ਼ਾਹ ਨੂੰ ਲੰਗ੍ਰ ਵਿੱਚ ਪੰਗਤ ਵਿੱਚ ਬੈਠ ਕੇ ਪ੍ਰਸਾਦਿ ਛਕਨਾ ਪਿਆ । ਫੇਰ ਦਰਸ਼ਨ ਦੀ ਆਗਿਆ ਮਿਲੀ । ਗੁਰੂ ਅੰਗਦ ਸਾਹਿਬ ਜੀ ਦੇ ਲੰਗਰ ਬਾਰੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਵਿਚ ਇਸਤ੍ਰਾਂ ਲਿਖਿਆ ਹੈ, ਸਤੇ ਬਲਵੰਡ ਦੀ ਵਾਰ ਵਿਚੁ, " ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥"[2] ਇਸੇਤ੍ਰਾਂ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਸਾਹਿਬ ਜੀ ਨੂੰ ਲੰਗ੍ਰ ਦੇਗ਼ ਚਲਾਵਨ ਵਾਸਤੇ ਆਗਿਆ ਕੀਤੀ ਸੀ। ਇਸੇਤ੍ਰਾਂ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਲੰਗ੍ਰ ਚਲਾਵਨ ਦੀ ਆਗਿਯਾ ਦੀਤੀ ਸੀ। ਗੁਰੂ ਅਰਜਨ ਸਾਹਿਬ ਜੀ ਦੇ ਲੰਗ੍ਰ ਦਾ ਜ਼ਿਕਰ ਇਸਤਰਾਂ ਆਉਂਦਾ ਹੈ: - ਏਕ ਦਫ਼ਾ ਭਾਈ ਗੁਰਦਾਸ ਜੀ ਆਗਰੇ ਤੋਂ ਗੁਰੂ ਸਾਹਿਬ ਜੀ ਦੇ ਦਰਸਨਾਂ ਨੂੰ ਸ੍ਰੀ ਅਮ੍ਰਤਸਰ ਪੁੱਜੇ ਸਨ। ਮਹਾਰਾਜ ਜੀ ਦੇ ਦਰਸਨ ਕਥਾ ਕੀਰਤਨ ਸ੍ਰਵਨ ਕਰਦੇ ਰਹੇ। ਜਦ ਦੀਵਾਨ ਦੀ ਸਮਾਪਤੀ ਹੂਈ ਔਰ ਲੰਗ੍ਰ ਦਾ ਨਗਾਰਾ ਬਜਿਆ, ਸੰਗਤਾਂ ਨਾਲ ਭਾਈ ਗੁਰਦਾਜ ਜੀ ਨੂੰ ਖ਼ਿਆਲ ਸੀ ਕਿ ਮੇਰੀ ਭੈਣ ਜੀ ਨੇ ਮੇਰੇ ਵਾਸਤੇ ਬੜੇ ਪਦਾਰਥ ਤਿਆਰ ਕੀਤੇ ਹੋਨੇ। ਜਬ ਪੰਗਤ ਲੱਗੀ, ਲੰਗ੍ਰ ਵਰਤਨ ਲਗਾ, ਰੂਖਾ ਸੁਕਾ ਦਾਲ ਪ੍ਰਸਾਦਾ ਦੇਖ ਕੇ ਵ ਛਕ ਕੇ ਪੰਗਤ ਤੋਂ ਬਾਦ ਸ੍ਰੀ ਮਾਤਾ ਗੰਗਾ ਜੀ ਤੋਂ ਸਾਰਾ ਹਾਲ ਪੁਛਿਆ ਵ ਸਰਵਨ ਕੀਤਾ। ਮਾਲੂਮ ਹੂਵਾ ਕਿ ਪ੍ਰਿਥੀ ਚੰਦ ਜੀ ਦੇ ਮਸੰਦਾਂ ਦੀ ਏ ਚਾਲ ਨੂੰ ਜਾਨ ਗਏ ਤੇ ਅਮ੍ਰਤਸਰ ਸਾਹਿਬ ਤੋਂ ਬਾਰਹ ਥੜੇ ਸਾਹਿਬ ਤੇ ਚਾਦ੍ਰ ਵਿਛਾ ਕੇ ਦੋ ਚਾਰ ਸਿੰਘਾਂ ਨੂੰ ਨਾਲ ਲੈ ਕੇ ਲੰਗ੍ਰ ਵਾਸਤੇ ਉਗ੍ਰਾਹੀ ਸ਼ੁਰੂ ਕਰ ਦੀਤੀ ਸੀ। ਜਿਸ ਤੇ ਫੇਰ ਮਹਾਰਾਜ ਜੀ ਦਾ ਲੰਗ੍ਰ ਪਹਿਲੇ ਦੀ ਤ੍ਰਾਂ ਚਲਣ ਲਗ ਪਿਆ।

[2] ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

## ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ

ਏਸਤ੍ਹਾਂ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਚਲਾਏ ਹੋਏ ਲੰਗ੍ਰ ਦਾ ਖ਼ਾਸ ਖ਼ਿਆਲ ਰਖਨਾ ਔਰ ਚਲਾਂਵਦੇ ਰਹਿਨਾ, ਸਬੂਤ ਵਜੋਂ ਇਤਹਾਸ ਵਿਚ ਜ਼ਿਕਰ ਆਯਾ ਹੈ ਕਿ ਏਕ ਦਿਨ ਮਹਾਰਾਜ ਜੀ ਗੁਰੂ ਹਰਿ ਗੋਬਿੰਦ ਸਾਹਿਬ ਕੋਲ ਦੂਰੋਂ ਸੰਗਤ ਆਈ। ਉਸ ਟੈਮ ਲੰਗ੍ਰ ਬ੍ਰਤ ਚੁੱਕਾ ਸੀ। ਪਹਾਰਾਜ ਜੀ ਨੇ ਸੰਗਤ ਨੂੰ ਲੋੜਵੰਦ ਵ ਭੁੱਖੀਆਂ ਜਾਨ ਕੇ ਅਪਨੇ ਅ੍ਰਦਲੀ ਪਹਿਰੇਦਾਰ ਸਿੰਘ ਨੂੰ ਆਗਿਯਾ ਕਰੀ ਕਿ ਘਰ ਜਾ ਕੇ ਮਾਤਾ ਜੀ ਤੋਂ ਮਿਠੀਆਈ ਲੇ ਆਉ। ਲਿਆ ਕੇ ਸੰਗਤਾਂ ਨੂੰ ਛਕਾ ਕੇ ਤ੍ਰਿਪਤ ਕਰੋ। ਉਸ ਵਖਤ ਮਹਾਰਾਜ ਜੀ ਦੇ ਮਹਿਲਾਂ ਵਿਚੁ ਵ ਮਿਠਆਈ ਜੰਞ ਵਾਸਤੇ ਤਿਆਰ ਹੋ ਰਹੀ ਸੀ। ਬੀਬੀ ਵੀਰੋ ਦੀ ਸ਼ਾਦੀ ਸੀ ਔਰ ਸਭ ਤਿਆਰੀਆਂ ਹੋ ਰਹੀਆਂ ਸਨ। ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਤੀਨ ਦਫ਼ਾ ਸਿੰਘ ਗਿਯਾ ਔਰ ਤੀਨ ਦਫ਼ਾ ਮਾਤਾ ਜੀ ਨੇ ਖ਼ਾਲੀ ਮੋੜ ਦਿੱਤਾ। ਮਿਠਆਈ ਪਕਵਾਨ ਨਾ ਦਿੱਤੇ। ਜਿਸ ਤੇ ਗੁਰੂ ਸਾਹਿਬ ਜੀ ਨੇ ਸੰਗਤ ਦੇ ਭੁੱਖ ਦਾ ਦੁੱਖ ਨਾ ਸਹਾਰਦੇ ਹੋਏ ਅਪਨੇ ਰੰਗ ਵਿਚ ਆ ਕੇ ਸਰਾਪ ਦਿੱਤਾ ਕਿ ਗੁਰੂ ਨਾਨਕ ਸਾਹਿਬ ਦੇ ਸੰਗਤ ਵਾਸਤੇ ਮਿਠਾਈਆਂ ਪਕਵਾਨ ਨਹੀਂ ਦੇਤੇ। ਅੱਛਾ ਏ ਮਿਠਾਈਆਂ ਪਕਵਾਨ ਮਲੇਛ ਖਾਨਗੇ। ਇਤਨੇ ਬਚਨ ਕਰਨ ਦੀ ਦੇਰ ਸੀ ਕਿ ਲਾਹੌਰ ਤੋਂ ਮੁਸਲਮਾਨੀ ਫ਼ੌਜਾਂ ਦੀਆਂ ਤਿਆਰੀਆਂ ਹੋਣ ਲਗ ਪਈਆਂ ਔਰ ਰਾਤ ਨੂੰ ਅਚਾਨਕ ਹਮਲਾ ਕਰ ਦਿੱਤਾ। ਗੁਰੂ ਸਾਹਿਬ ਜੀ ਦੇ ਸੂਰਮੇ ਡੱਟ ਕੇ ਲੜੇ। ਇੱਥੋਂ ਤਕ ਕਿ ਕਾਠ ਦੀਆਂ ਤੋਪਾਂ ਚਲਾਈਆਂ। ਫੇਰ ਭੀ ਪੈਰ ਪੀਛੇ ਹੀ ਹਟੇ। ਤੇ ਜਾਨ ਏਹ ਕੌਤਕ ਦੇਖ ਕੇ ਭਾਈ ਬਿਧੀ ਚੰਦ ਜੀ ਮਹਾਰਾਜ ਜੀ ਪਾਸ ਭੱਜੇ ਆਏ ਔਰ ਕਿਹਾ ਕਿ ਮਹਾਰਾਜ ਜੀ, ਏਹ ਕੀ ਭਾਣਾ ਵਰਤ ਰਿਹਾ ਹੈ? ਅਪਨੀਆਂ ਫ਼ੌਜਾਂ ਇਤਨੇ ਡੱਟ ਕੇ ਸੂਰਮਗਤੀ ਨਾਲ ਮੁਕਾਬਲਾ ਕਰਦੇ ਹੋਈਆਂ ਭੀ ਪਿੱਛੇ ਹਟਦੀਆਂ ਜਾ ਰਹੀਆਂ। ਤੁਰਕਾਨੀ ਫ਼ੌਜਾਂ ਦਾ ਜ਼ੋਰ ਪੈ ਰਿਹਾ ਹੈ ਔਰ ਮਾਰੋ ਮਾਰ ਕਰਦੀਆਂ ਅੱਗੇ ਵਧਦੇ ਆ ਰਹੀਆਂ ਹਨ। ਗੁਰੂ ਮਹਾਰਾਜ ਜੀ ਫੁਰਮਾਇਆ ਕਿ ਭਾਈ ਬਿਧੀ ਚੰਦ, ਜੋ ਫ਼ੌਜਾਂ ਤੁਰਕਾਨੀ ਅੱਗੇ ਵਧਦੇ ਆ ਰਹੀਆਂ ਹਨ, ਇਨ੍ਹਾਂ ਨੂੰ ਮਿਠਆਈ ਪਕਵਾਨਾਂ ਤਕ ਪਹੁੰਚ ਲੈਣ ਦੇਉ ਔਰ ਖਾ ਲੈਨ ਦੋ। ਫੇਰ ਦੇਖਾਂਗੇ ਕਿਸਤ੍ਹਾਂ ਅੱਗੇ ਵਧਦੇ ਹਨ ਕਿ ਪਿੱਛਾਂ ਭੱਜ ਕੇ ਲਾਹੌਰ ਹੀ ਦਮ ਲੈਨਗੇ। ਜਦ ਲੜਦੀ ਲੜਦੀ ਫ਼ੌਜਾਂ ਮਿਠਾਈਆਂ ਪਕਵਾਨ ਤਕ ਪੁਜੀਆਂ ਔਰ ਮਿਠਾਈਆਂ ਲੂਟੇ ਔਰ ਖਾਦ੍ਹੀਆਂ, ਉਸ ਤੋਂ ਬਾਦ ਗੁਰੂ ਸਾਹਿਬ ਜੀ ਨੇ ਅਪਨੀ ਫ਼ੌਜ ਨੂੰ ਐਸਾ ਬਲ ਬਖ਼ਸ਼ਿਯਾ ਕਿ ਗੁਰੂ ਸਾਹਿਬ ਜੀ ਦੀ ਫ਼ੌਜਾਂ ਨੇ ਐਸੀ ਤੇਗ਼ ਚਲਾਈ ਕਿ ਐਸਾ ਕਰੜਾ ਹਮਲਾ ਕੀਤਾ ਕਿ ਤੁਰਕਾਨੀ ਫ਼ੌਜਾਂ ਭੱਜ ਕੇ ਲਾਹੌਰ ਜਾ ਕੇ ਦਮ ਲੀਆ। ਇਸ ਪ੍ਰਸੰਗ ਦ੍ਰਿਸਟਾਨ ਦਾ ਮਤਲਬ ਏਹ ਹੋਯਾ ਕਿ ਗੁਰੂ ਨਾਨਕ ਸਾਹਿਬ ਜੀ ਦੇ ਲੰਗਰ ਵਿਚੋਂ ਸੰਗਤ ਨੂੰ ਏਕ ਟੈਮ ਪ੍ਰਸਾਦਾ ਨਾ ਮਿਲਨ ਕਰਕੇ ਔਰ ਸੰਗਤ ਭੀ ਬੇ-ਟੈਮ ਆਨ ਕਰਕੇ, ਫੇਰ ਭੀ ਗੁਰੂ ਮਹਾਰਾਜ ਜੀ ਇਤਨੇ ਨਾਰਾਜ਼ ਹੋਏ ਔਰ ਇਤਨੇ ਬੀਰ ਰਸ ਵਿਚ ਆਏ ਕਿ ਅਪਨੇ ਮਾਤਾ ਜੀ ਔਰ ਅਪਨੇ ਪਰਵਾਰ ਦੀ ਪ੍ਰਵਾਹ ਨਾ ਕਰਦੇ ਹੋਏ ਮਾਤਾ ਜੀ ਤੋਂ, ਸਾਰੇ ਪ੍ਰਵਾਰ ਤੋਂ ਸੰਗਤ ਦੀ ਤਕਲੀਫ਼ ਦੁਖ ਭੁਖ ਨਾ ਸਹਾਰਦੇ ਹੋਏ ਗੁਰੂ ਬਾਬਾ ਨਾਨਕ ਜੀ ਦੀ ਸੰਗਤ ਨੂੰ ਸਾਰੇ ਪ੍ਰਵਾਰ ਨਾਲੋਂ ਜ਼ਿਆਦਾ ਸਮਝਿਆ ਔਰ ਸਾਰੇ ਪ੍ਰਵਾਰ ਦੀਆਂ ਸੁਖ ਔਰ ਖ਼ੁਸ਼ੀਆਂ ਸੰਗਤ ਤੋਂ ਕੁਰਬਾਨ ਕਰ ਦੀਤੀਆਂ।

ੴ

ਨਮਸਕਾਰ ਗੁਰਦੇਵ ਕਉ ਸਤਿਨਾਮੁ ਜਿਸੁ ਮੰਤ੍ਰ ਸੁਣਾਇਆ ।[3] (ਭਾਈ ਗੁਰਦਾਸ ਜੀ)

ਇਸੀਤ੍ਰਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਆਗਿਯਾ ਕੀਤੀ ਕਿ ਕਥਾ ਕੀਰਤਨ ਨਾਮ ਜਪਾਨਾ । ਲਿਵ ਛੁਟਕੀ ਹੂਈ ਨੂੰ ਜੋੜਨਾ ਔਰ ਗੁਰੂ ਨਾਨਕ ਨਿਰੰਕਾਰ ਜੀ ਦਾ ਚਲਾਯਾ ਹੂਵਾ ਲੰਗਰ ਦਾ ਖ਼ਾਸ ਖ਼ਿਆਲ ਰਖਨਾ । ਇਤਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਏਕ ਦਫ਼ਾ ਗੁਰੂ ਹਰਿ ਰਾਇ ਸਾਹਿਬ ਪਾਸ ਮਹਾਰਾਜ ਨਾਭਾ, ਪਟਿਯਾਲੇ ਦਾ ਬੁਜ਼ੁਰਗ ਦੋਹਾਂ ਬੱਚਿਆਂ ਨੂੰ ਮੋਢੇ ਤੇ ਚੁੱਕ ਕੇ ਔਰ ਦੋਹਾਂ ਬੱਚਿਆਂ ਨੂੰ ਸਿਖਾ ਦਿੱਤਾ ਸੀ ਕਿ ਮਹਾਰਾਜ ਜੀ ਦੇ ਸਾਮਨੇ ਜਾਕਰ ਢਿੱਡ ਬਜਾਨਾ । ਗੁਰੂ ਮਹਾਰਾਜ ਜੀ ਦੇਖ ਕੇ ਜ਼ਰੂਰ ਖ਼ੁਸ਼ ਹੋ ਜਾਨਗੇ । ਐਸੇ ਦਯਾ ਦੇ ਘਰ ਵ ਦਯਾ ਵਿਚ ਆਵਨਗੇ ਕਿ ਤੁਹਾਡੇ ਕਈ ਜਨਮ ਜਨਮਾਂ ਦੀ ਭੁਖਾਂ ਦੂਰ ਕਰ ਦੇਨਗੇ । ਬੱਚੇ ਉਸੇਤ੍ਰਾਂ ਕੀਤਾ । ਗੁਰੂ ਸਾਹਿਬ ਦੇ ਸਾਮਨੇ ਜਏ ਕੇ ਢਿੱਡ ਵਜਾਵਨ ਲਗ ਪਏ । ਗੁਰੂ ਸਾਹਿਬ ਜੀ ਦੇ ਪੁਛਨ ਉਨ੍ਹਾਂ ਦੇ ਬੁਜ਼ੁਰਗ ਨੇ ਦੱਸਿਆ ਕਿ ਮਹਾਰਾਜ ਜੀਓ, ਏਹ ਬੱਚੇ ਭੁੱਖੇ ਹਨ । ਆਪ ਜੀ ਤੋਂ ਖਾਨ ਵਾਸਤੇ ਕੁੱਛ ਮੰਗਦੇ ਹਨ । ਗੁਰੂ ਸਾਹਿਬ ਸੁਣਿ ਕੇ ਇਤਨੇ ਤੁੱਠੇ ਕਿ ਬਚਨ ਕੀਤਾ ਕਿ ਏਹ ਭੁੱਖੇ ਨਹੀਂ । ਏ ਤਾਂ ਨਾਭੇ, ਪਟਿਆਲੇ ਦੇ ਰਾਜੇ ਹੋਨਗੇ ਔਰ ਕਈਆਂ ਦੀਆਂ ਭੁੱਖਾਂ ਦੂਰ ਕਰਨਗੇ ।

ਇਸੀਤ੍ਰਾਂ ਹਰਿ ਰਾਇ ਸਾਹਿਬ ਜੀ ਦਾ ਲੰਗਰ ਬੜੇ ਪੈਮਾਨੇ ਤੇ ਚਲਦਾ ਸੀ ।ਇਤਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਾਸ (੨੨੦੦) ਬਾਈਸ ਸੌ ਫ਼ੌਜ ਹਮੇਸ਼ਾ ਮਹਾਰਾਜ ਜੀ ਦੇ ਪਾਸ ਰਹਿੰਦੀ ਸੀ । ਏਹ ਸਾਰੀ ਫ਼ੌਜ ਪ੍ਰਸਾਦਾ ਲੰਗਰ ਛਕਦੀ ਸੀ । ਜਿਸ ਤੇ ਗੁਰੂ ਹਰਿ ਰਾਇ ਸਾਹਿਬ ਜੀ ਦਾ ਲੰਗਰ ਬੜੇ ਪੈਮਾਨੇ ਤੇ ਚਲਦਾ ਸੀ ।

ੴ ਸਤਿਗੁਰ ਪ੍ਰਸਾਦਿ॥

## ਸ੍ਰੀ ਗੁਰੂ ਹਰਿ ਕਿਸ਼ਨ ਸਾਹਿਬ ਜੀ

ਇਸੀਤ੍ਰਾਂ ਗੁਰੂ ਹਰਿ ਰਾਇ ਸਾਹਿਬ ਜੀ ਨੇ ਗੁਰੂ ਹਰਿਕਿਸ਼ਨ ਸਾਹਿਬ ਜੀ ਨੂੰ ਆਗਿਯਾ ਕੀਤੀ ਸੀ ਕਿ ਅੰਨਦਾਨ ਗੋਬਿੰਦ ਨਾਮ ਦੀ ਦੇਗ਼ ਚਲਾਉਂਦੇ ਰਹਿਨਾ । ਇਸਦਾ ਖ਼ਿਆਲ ਅੱਛੀ ਤ੍ਰਾਂ ਰਖਨਾ । ਏਸਤ੍ਰਾਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮ੍ਰਿਜਾਦਾ ਪ੍ਰਸ਼ੋਤਮ ਬੜਿਆਂ ਦੀ ਚਲਾਈ ਹੂਈ ਚਲਾਉਂਦੇ ਰਹੇ । ਇਸੀਤ੍ਰਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਲਗੀਧਰ ਜੀ ਦਾ ਪਹਿਲਾ ਲੰਗ੍ਰ ਸ੍ਰੀ ਪਟਨਾ ਸਾਹਿਬ ਸਾਲਸ ਰਾਏ ਜਵਾਹਰੀ ਦੇ ਘਰ ਜੇੜ੍ਹਾ ਲੰਗਰ ਗੁਰੂ ਨਾਨਕ ਨਿਰੰਕਾਰੀ ਜੀ ਨੇ ਅਦਰਕੇ ਗ਼ੁਲਾਮ ਨੂੰ ਗਦੀ ਬਹਾ ਕੇ ਜਾਰੀ ਕੀਤੀ, ਉਸੇ ਲੰਗਰ ਨੂੰ ਦਸ਼ਮੇਸ਼ ਪਿਤਾ ਜੀ ਛੋਟੀ ਅਵਸਥਾ ਵਿਚ ਬੱਚਿਆਂ ਦੀ ਫ਼ੌਜ ਬਨਾ ਕੇ ਕਵੈਤ ਕਰਾਉਂਦੇ ਹੋਏ ਮਾਤਾ ਜੀ ਪਾਸ ਆਉਂਦੇ ਸਨ ਔਰ ਕਹਿੰਦੇ ਸਨ ਕਿ ਮਾਤਾ ਜੀਓ, ਫ਼ੌਜਾਂ ਨੂੰ ਭੁੱਖ ਲੱਗੀ ਹੈ । ਲੇ ਆਵੋ, ਫ਼ੌਜਾਂ ਨੂੰ ਲੰਗਰ ਵਰਤਾਈਏ ਵ ਛਕਾਈਏ । ਇਸ ਤੋਂ ਭੀ ਸਿਧ ਹੋਯਾ ਕਿ ਦਸ਼ਮੇਸ਼ ਪਿਤਾ ਜੀ ਨੂੰ ਲੰਗਰ ਨਾਲ ਛੋਟੀ ਅਵਸਥਾ ਤੋਂ ਹੀ ਪਿਆਰ ਸੀ । ਏਹ ਤਾਂ ਗੁਰੂ ਨਾਨਕ ਸਾਹਿਬ ਜੀ ਦਾ ਲੰਗਰ ਚਲਾਯਾ ਹੋਏ ਨੂੰ ਚਲਾਉਂਦੇ ਸੀ ਔਰ ਬੜੇ ਖ਼ੁਸ਼ ਹੁੰਦੇ ਸੀ,

---

[3] ਪਉੜੀ ਪਹਿਲੀ, ਵਾਰ ਪਹਿਲੀ, ਵਾਰਾਂ ਭਾਈ ਸਾਹਿਬ ਗੁਰਦਾਸ ਜੀ ।

ਜਿਸ ਤ੍ਰਾਂ ਕਿ ਗੁਰੂ ਬਾਬਾ ਨਾਨਕ ਸਾਹਿਬ ਜੀ ਸੱਚਾ ਸੌਦਾ ਕਰਕੇ ਖ਼ੁਸ਼ ਹੋਏ ਸਨ। ਆਪ ਭੀ ਕਲਗੀਧਰ ਦਸਮ ਪਾਤਸ਼ਾਹ ਜੀ ਏਕ ਦਿਨ ਉਥੋਂ ਦੇ ਰਾਜੇ ਦੇ ਘਰ ਗਏ, ਉਨ੍ਹਾਂ ਦੀ ਬਹੁਤ ਖਿਚ ਔਰ ਯਾਦ ਕਰਨ ਤੇ। ਉਸ ਵਖਤ ਮਹਾਰਾਜ ਜੀ ਨਾਲ ਹਮ-ਜੋਟੀਆਂ ਦੀ, ਬੱਚਿਆਂ ਦੀਆਂ ਫ਼ੌਜਾਂ ਨਾਲ ਸਨ। ਆਪ ਮਹਾਰਾਜ ਜੀ ਰਾਣੀ ਦੀ ਗੋਦ ਵਿਚ ਬੈਠ ਗਏ ਔਰ 'ਮਾਤਾ ਜੀ, ਮਾਤਾ ਜੀ' ਕਹਿਨ ਲੱਗੇ। ਰਾਜਾ ਰਾਣੀ ਦੀਆਂ ਮਨੇ ਕਾਮਨਾ ਪੂਰੀ ਕਰਕੇ ਔਰ ਉਨ੍ਹਾਂ ਦੇ ਕਪਾਟ ਖੋਲ ਕੇ ਬ੍ਰਹਮ ਗਿਆਨ ਵਿਚ ਇਸਥਿਤ ਕਰਕੇ ਫੇਰ ਬਚਨ ਕੀਤਾ ਕਿ ਲਿਆਓ ਮਾਤਾ ਜੀਓ, ਲੰਗਰ ਫ਼ੌਜਾਂ ਨੂੰ ਛਕਾਉ। ਰਾਣੀ ਉਸ ਵਖਤ ਗੋਲੀਆਂ ਔਰ ਨੌਕਰਾਂ ਨੂੰ ਬਾਜ਼ਾਰ ਵਲ ਭੇਜਨ ਲੱਗੀ ਕਿ ਜਾਉ, ਜਲਦੀ ਹਲਵਾਈ ਦੀ ਦੁਕਾਨ ਤੋਂ ਮਿਠਿਆਈਆਂ ਲਾਓ, ਪ੍ਰ ਗੁਰੂ ਅੰਤ੍ਰਜਾਮੀ ਕਹਿਨ ਲੱਗੇ ਕਿ ਨਹੀਂ, ਮਤ ਜਾਓ। ਤਲੇ ਹੂਏ ਛੋਲੇ ਅਤੇ ਪੂਰੀਆਂ ਖਾਸਾਂ, ਠੀਕ ਏ, ਜੋ ਚੀਜ਼ਾਂ ਉਸ ਵਖਤ ਬਨੀਆਂ ਹੋਈਆਂ ਅੰਦਰ ਹਾਜ਼ਰ ਸਨ। ਏਕ ਦਮ ਮਹਾਰਾਜ ਜੀ ਨੇ ਹੁਕਮ ਕੀਤਾ ਕਿ ਪੰਗਤਾਂ ਲਗਾਈਆਂ ਔਰ ਤਲੇ ਹੂਏ ਛੋਲੇ ਪੂਰੀਆਂ ਸਾਰਿਆਂ ਨੂੰ ਵਰਤਾਈਆਂ ਔਰ ਸਾਰੇ ਛਕੀਆਂ। ਇਸਤ੍ਰਾਂ ਕਦੀ ਕਦਾਈਂ ਜਾਂਦੇ ਔਰ ਏਹੀ ਕੌਤਕ ਕਰਕੇ ਆਉਂਦੇ। ਜਿਸ ਦਿਨ ਨਾ ਜਾਨ, ਉਸ ਦਿਨ ਰਾਜਾ ਰਾਣੀ ਖ਼ੁਦ ਚਲ ਕੇ ਮਹਾਰਾਜ ਜੀ ਦੇ ਪਾਸ ਆਉਂਦੇ ਸਨ ਔਰ ਕਥਾ ਕੀਰਤਨ ਦਾ ਆਨੰਦ ਮਾਨਦੇ ਸਨ। ਏਹ ਪਹਿਲਾ ਲੰਗਰ ਦਸਮ ਪਾਤਸ਼ਾਹ ਜੀ ਨੇ ਜਾਰੀ ਕੀਤਾ ਬਾਲ ਲੀਲਾ ਦੇ ਨਾਮ ਤੇ ਹੁਣ ਤਕ ਮੌਜੂਦ ਹੈ।

ਜਿਸ ਵਖਤ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਸਾਮ ਵਾਲੇ ਰਾਜੇ ਨੂੰ ਬ੍ਰਦਾਨ ਪੁਤ੍ਰ ਦਾ ਬਖ਼ਸ਼ ਕੇ ਔਰ ਆਸਾਮ ਔਰ ਬੰਗਾਲ ਦੇ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਸਤਿਨਾਮ ਦਾ ਉਪਦੇਸ਼ ਦੇਂਦੇ ਹੋਏ ਰਸਤੇ ਵਿਚ ਅਨੇਕ ਜੀਆਂ ਦਾ ਉਧਾਰ ਕਰਦੇ ਹੋਏ ਪਟਨਾ ਸਾਹਿਬ ਆਏ, ਉਥੇ ਕਥਾ ਕੀਰਤਨ ਔਰ ਲੰਗਰ ਦੇਖ ਕਰ ਬੜੇ ਪ੍ਰਸੰਨ ਹੋਏ ਔਰ ਬਾਲਾ ਪ੍ਰੀਤਮ ਜੀ ਦੇ ਚੋਜ ਭੀ ਸੁਣੇ। ਕੁਛ ਦਿਨ ਨੀਵਾਸ ਕਰਕੇ ਫੇਰ ਪੰਜਾਬ ਨੂੰ ਚਾਲੇ ਪਾ ਦਿੱਤੇ। ਕਾਸ਼ੀ ਆਏ। ਕਈ ਜੀਆਂ ਦਾ ਉਧਾਰ ਕੀਤਾ। ਕਰਮ ਕਾਂਡ ਵਿਚ ਫਸੇ ਹੂਏ ਕਈ ਪੰਡਤਾਂ ਨੂੰ ਗੁਰਮਤ ਦੇ ਰਸਤੇ ਪਾਯਾ। ਕਾਸ਼ੀ ਵਿੱਚ ਮਹਾਰਾਜ ਜੀ ਦਾ ਯਾਦਗਾਰ ਵਜੋਂ ਗੁਰਦਵਾਰਾ ਬੜੀ ਸੰਗਤ ਹੁਣ ਤਕ ਮੌਜੂਦ ਹੈ। ਇਥੇ ਮਹਾਰਾਜ ਜੀ ਦੇ ਚਰਨਾਂ ਦੀਆਂ ਚਪਲਾਂ ਔਰ ਚੋਲਾ ਮੌਜੂਦ ਹੈ ਔਰ ਏਕ ਖੂਈ, ਜੇੜ੍ਹੀ ਕਿ ਉਸ ਵਿਚ ਸ੍ਰੀ ਗੰਗਾ ਜੀ ਪ੍ਰਗਟ ਹੋ ਕੇ ਮਹਾਰਾਜ ਜੀ ਦੇ ਚਰਨ ਧੋਤੇ ਸਨ, ਯਾਦਗਾਰ ਵਜੋਂ ਉਹ ਖੂਈ ਮੌਜੂਦ ਹੈ। ਇਸ ਅਸਥਾਨ ਔਰ ਗੁਰਦਵਾਰਾ ਸਾਹਿਬ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਲੰਗਰ ਸ਼ੁਰੂ ਕੀਤਾ ਹੂਵਾ, ਹੁਨ ਤਕ ਚਲ ਰਿਹਾ ਹੈ। ਇੱਥੋਂ ਅੱਗੇ ਅਜੁਧਿਆ ਆਦਿਕ ਅਸਥਾਨੋਂ ਤੋਂ ਹੁੰਦੇ ਹੋਏ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਅਨੇਕ ਜੀਆਂ ਦਾ ਉਧਾਰ ਕਰਦੇ ਹੂਏ ਕੀਰਤਪੁਰ ਸਾਹਿਬ ਤੋਂ ਛੇ-ਸੱਤ ਮੀਲ ਅੱਗੇ ਡੇਰਾ ਲਾਯਾ ਔਰ ਉਥੋਂ ਸਾਰੇ ਏਰੀਏ ਕੀ ਜ਼ਮੀਨ ਖ਼ਰੀਦ ਕੇ ਆਨੰਦਪੁਰ ਸ਼ਹਿਰ ਵਸਾਯਾ ਔਰ ਲੰਗਰ ਸ਼ੁਰੂ ਕੀਤਾ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਲਾਂਗ੍ਰੀ ਭਾਈ ਮਤੀ ਦਾਸ ਜੀ ਸਨ। ਜਿਸ ਵਕਤ ਗੁਰੂ ਸਾਬਹਿ ਜੀ ਨੇ ਪਟਨੇ ਸਾਹਿਬ ਵਲ ਚਿੱਠੀ ਲਿਖੀ ਸੀ ਅਪਨੇ ਪ੍ਰਵਾਰ ਨੂੰ, ਸਾਹਿਬਜ਼ਾਦੇ ਜੀ ਨੂੰ ਤੇ ਆਪ ਸਾਰਾ ਪ੍ਰਵਾਰ, ਸਾਰਾ ਜਥਾ ਅਨੰਦਪੁਰ ਸਾਹਿਬ ਜੀ ਆਓ। ਏਹ ਚਿੱਠੀ ਜਿਸ ਵਖਤ ਪਟਨੇ ਸਾਹਿਬ ਜਗਤ ਮਾਤਾ ਗੁਜਰੀ ਸਾਹਿਬ ਜੀ ਔਰ ਬਾਲਾ ਪ੍ਰੀਤਮ ਜੀ ਨੂੰ ਮਿਲੀ, ਉਸ ਚਿੱਠੀ ਨੂੰ ਸਾਰੇ ਪ੍ਰਵਾਰ ਔਰ ਸਾਰੀ ਸੰਗਤ ਸੁਨਾਇਆ ਗਿਆ ਹੈ। ਇਸ ਤੋਂ ਬਾਦ ਮਾਤਾ ਜੀ, ਮਾਮਾ ਕ੍ਰਿਪਾਲ ਚੰਦ ਜੀ ਦੇ ਗੁਰਮਤੇ ਅਨੁਸਾਰ ਤਿਆਰੀ ਸੁਰੂ ਹੋ ਗਈਆਂ ਸਨ ਜਾਨ ਦੀਆਂ। ਆਖ਼ਰ ਉਹ ਦਿਨ ਆ ਗਿਯਾ ਆਨੰਦਪੁਰ ਸਾਹਿਬ ਨੂੰ ਤੁਰਨੇ ਦਾ। ਜਦ ਏਹ ਖ਼ਬਰ ਪਟਨਾ ਨਿਵਾਸੀ ਸੰਗਤਾਂ

ਨੂੰ ਪਤਾ ਲਗੀ, ਹੁਮ ਹੁਮਾ ਕੇ ਦਸ਼ਮੇਸ਼ ਬਾਲਾ ਪ੍ਰੀਤਮ ਜੀ ਦੇ ਔਰ ਮਾਤਾ ਸਾਹਿਬ ਜੀ ਦੇ ਦਰਸ਼ਨਾਂ ਨੂੰ ਏਕ ਦਮ ਪਹੂੰਚ ਗਈਆਂ । ਉਸ ਵਖਤ ਗੁਰੂ ਸਾਹਿਬ ਜੀ ਦਾ ਜਾਣਾ ਔਰ ਵਿਛੋੜਾ ਅਨੁਭਵ ਕਰਕੇ ਬੇਬਲਤਾ ਵਿਚ ਬਿਯਾਕੁਲ ਹੂਏ ਹੁਵੇ ਪਟਨਾ ਨਿਵਾਸੀ ਸੰਗਤ ਨੇ ਬਾਲਾ ਪ੍ਰੀਤਮ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਐਂਓਂ ਬੇਨਤੀ ਕੀਤੀ, ਜਿਸ ਦਾ ਭਾਉ ਭਾਈ ਸਾਹਿਬ ਭਾਈ ਵੀਰ ਸਿੰਘ ਸਾਹਿਬ ਜੀ ਨੇ ਅਪਨੀ ਏਹ ਕਵਿਤਾ ਦੁਵਾਰਾ ਦ੍ਰਸਾਯਾ ਹੈ: -

ਲੜ੍ਹ ਨਾ ਛੁਡਾ ਸਿਧਾਵੋ, ਸਾਡੇ ਸਿਰਾਂ ਦੇ ਸਾਂਈਂ । ਚਰਨਾਂ ਤੋਂ ਨਾ ਵਿਛੌੜੋ ਡੂੰਘੀ ਹੈ ਪ੍ਰੀਤ ਪਾਈ ।<br>
ਭੌਰੇ ਬਣਾ ਕੇ ਸਾਨੂੰ, ਮੁਖ ਕਿਉਂ ਲੁਕਾਉਂਦੇ ਹੋ, ਨਿਹੁਂ ਲਾ ਕੇ ਰਾਏ ਪ੍ਰੀਤਮ, ਛਪਦੇ ਹੋ ਹੁਣ ਕਿਦਾਈਂ?<br>
ਡੇਰਾ ਲਗਾ ਕੇ ਅੰਦਰ ਮੰਦਰ ਬਣਾ ਕੇ ਅੰਦਰ ਦਿਲ ਨੂੰ, ਮੁਰਝਾਏ ਛੱਡ ਕੇ ਤੇ ਜਾਂਦੇ ਹੋ ਕਿਉਂ ਗੁਸਾਂਈਂ?<br>
ਬਣ ਜਿੰਦ ਦੀ ਜਿੰਦ ਹੁਣ ਜਾਂਵਦੇ ਹੋ, ਜਿੰਦ ਕੱਢ ਲੈ ਚੱਲੇ ਹੋ ਨਿਰਜਿੰਦ ਛੱਡ ਸਾਂਈਂ ।<br>
ਜਿੰਦ ਆਪ ਬਿਨ ਨਾ ਰਹਿੰਦੀ , ਵਿਛੜਨ ਜੋ ਆਪ ਦਾ ਹੈ ਦੁਰਗੀ ਹੈ ਮੌਤ ਆਈ ।<br>
ਹੋਏ ਜੋ ਆਪ ਜੋਗੇ ਹੋਏ ਹੁਣ ਆਪ ਦੇ ਹਾਂ, ਅਪਣੇ ਨੂੰ ਹਾਏ, ਪ੍ਰੀਤਮ ਸੁਟੋ ਨਾ ਵਿਚ ਜੁਦਾਈ ।<br>
ਤੇਰੇ ਹਾਂ, ਹਾਏ ਤੇਰੇ, ਤੇਰੇ ਸਦਾ ਦਾ ਤੇਰੇ, ਸਾਡੀ ਏਹ ਮੇਰ ਮੈਂ ਦੀ ਆਪੇ ਖ਼ਰੀਦ ਪਾਈ ।<br>
ਅਪਨੀ ਨਾ ਸਾਡੇ ਪਲੇ ਰਹੀ ਹੈ ਕੋਈ, ਦਿੱਤੀ ਜੋ ਦਾਤ, ਉਸਨੂੰ ਨਾ ਹੁਣ ਲੁਕਾਈਂ ।<br>
ਜਾਵੋ ਨਾ ਹਾਏ ਜਾਵੋ ਨਾ, ਵੱਸੋ ਸਦਾ ਇਹ ਨੈਣੀਂ, ਦਿੱਸੋ ਸਦਾ ਦਿਖਾਵੋ ਦਰਸ਼ਨ ਸਦਾ ਦਿਖਾਈਂ ।<br>
ਔਗੁਣ ਜੋ ਤਕ ਰੁੱਠੇ ਐਬਾਂ ਤੋਂ ਜੇ ਚਲੇ ਹੋ ਤੁਠੇ, ਜਦੋਂ ਸੇ ਪਿਆਰੇ ਔਗੁਣ ਸੇ ਤਦ ਸਵਾਈ ।<br>
ਦੇਖੇ ਨਾ ਐਬ ਤਦ ਤੂੰ ਕਰਮਾਂ ਨੂੰ ਨਾ ਤਕਾਇਆ, ਆਪਣ ਬਿਰਦ ਦੇ ਸਦਕੇ ਤੁਠੇ ਸੇ ਆਪ ਸਾਂਈਂ ।<br>
ਤੁਠੇ ਰਹੋ ਤਿਵੇਂ ਹੀ ਪਿਆਰੇ ਜਾਵੋ ਨਾ ਹਾਏ ਜਾਵੋ ਸਰਨੀਂ ਲਈ ਸਮਾਈ ।

ਇਸ ਵੈਰਾਗ ਪਰ ਸ੍ਰੀ ਗੁਰੂ ਜੀ ਤੇ ਵੀ ਕਰੁਣਾ ਰਸ ਛਾ ਗਿਆ । ਇਸਤ੍ਰਾਂ ਸੰਗਤਾਂ ਨੂੰ ਧੀਰਜ ਦੇਂਦੇ ਹੂਏ ਵਰਦਾਨ ਬਖ਼ਸ਼ਦੇ ਹੋਏ ਸ਼ਿਵਦੱਤ ਪੰਡਤ ਬ੍ਰਾਹਮਨ ਨੂੰ ਜੇੜ੍ਹਾ ਕਿ ਰਾਜ ਛੋੜ ਕੇ ਤਪਸੀ ਦੇ ਰੂਪ ਵਿਚੁ ਗੋਬਿੰਦ ਘਾਟ ਤੱਪਸਿਆ ਕਰ ਰਿਹਾ ਸੀ, ਜਿਸ ਦਾ ਸਭ ਤੋਂ ਪਹਿਲੇ ਭਰੋਸਾ ਗੁਰੂ ਸਾਹਿਬ ਤੇ ਬੱਝਾ ਸੀ । ਇਸੀ ਸ਼ਿਵਦੱਤ ਪੰਡਤ ਨੇ ਮਹਾਰਾਜ ਜੀ ਦਾ ਨਾਮ ਬਾਲਾ ਪ੍ਰੀਤਮ ਰਖਿਆ ਸੀ । ਜਦ ਇਸ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਸਾਨੂੰ ਵਿਛੋੜਾ ਦੇ ਕੇ ਕਿਉਂ ਜਾ ਰਹੇ ਹੋ? ਗੁਰੂ ਸਾਹਿਬ ਜੀ ਨੇ ਬਚਨ ਕੀਤਾ ਕਿ ਮੇਰੇ ਪ੍ਰਮ ਪਿਆਰੇ ਭਗਤ ਜੀਓ, ਤੁਹਾਨੂੰ ਘਾਟ ਦੇ ਉਤੈਂ ਹਰ ਰੋਜ਼ ਸਾਡੇ ਦਰਸ਼ਨ ਹੋਯਾ ਕਰਨਗੇ । ਇਸ ਤੋਂ ਬਾਦ ਵਾਰੀ ਬੇਣੀ ਰਾਜਾ ਰਾਣੀ ਦੀ ਆਈ । ਰਾਣੀ ਨੇ ਬੜੇ ਵੈਰਾਗ ਵਿਚੁ ਕਿਹਾ ਕਿ ਮਹਾਰਾਜ ਜੀਓ ਮੈਨੂੰ ਮਾਂ ਬਨਾ ਕੇ ਹੁਣ ਨਿਪੁੱਤ੍ਰੀ ਕਰਕੇ ਕਿਧਰ ਚੱਲੇ ਹੋ? ਮਹਾਰਾਜ ਜੀ ਨੇ ਏਹ ਦੋਹਾਂ ਦਾ ਅਤੀ ਪ੍ਰੇਮ ਦੇਖ ਕੇ ਧੀਰਜ ਦਿੱਤਾ ਔਰ ਆਗਿਯਾ ਕੀਤੀ, ਜੇੜ੍ਹਾ ਲੰਗਰ ਅਸੀਂ ਸ਼ੁਰੂ ਕੀਤਾ ਹੈ ਤਲੇ ਹੂਏ ਛੋਲੇ ਔਰ ਪੂਰੀਆਂ, ਰਹ ਰੋਜ਼ ਇਸੀਤ੍ਰਾਂ ਹੀ ਬਾਲਕਾਂ ਨੂੰ ਬੁਲਾ ਕੇ ਵਰਤਾਵਣ । ਉਸ ਵਕਤ ਪੰਗਤ ਵਿਚ ਸਾਡੇ ਬੈਠਿਆਂ ਹੁਇਆਂ ਦਰਸ਼ਨ ਤੁਹਾਨੂੰ ਹੋਯਾ ਕਰਨਗੇ । ਏਹ ਭੀ ਹੁਕਮ ਮਹਾਰਾਜ ਜੀ ਦਾ ਲੰਗਰ ਵਾਸਤੇ ਸੀ । ਏਸ ਹੁਕਮ ਨੂੰ ਪਾ ਕੇ ਰਾਜਾ ਰਾਣੀ ਅਪਨੇ ਮਹਿਲਾਂ ਨੂੰ ਢਾਹ ਕੇ ਗੁਰ ਦਰਬਾਰ ਬਣਾ ਦਿੱਤਾ ਔਰ ਮਹਾਰਾਜ ਜੀ ਦੀ ਆਗਿਯਾ ਅਨੁਸਾਰ ਤਲੇ ਹੂਏ ਛੋਲੇ ਔਰ ਪੂਰੀਆਂ ਹੁਣ ਤਕ ਜਾਰੀ ਹੈ ਔਰ ਇਸ ਅਸਥਾਨ ਔਰ ਗੁਰਦਵਾਰਾ ਸਾਹਿਬ ਦਾ ਨਾਮ ਬਾਲ ਲੀਲਾ

ਰਖਿਆ। ਇੱਥੋਂ ਗੁਰੂ ਸਾਹਿਬ ਜੀ ਸਾਰਿਆਂ ਨੂੰ ਧੀਰਜ ਦੇਂਦੇ ਔਰ ਵਰਦਾਨ ਦੇਂਦੇ ਚਾਲੇ ਪਾਏ। ਪਟਨੇ ਤੋਂ ਲੈ ਕੇ ਦਾਨ ਪਰਬਤ ਤਕ ਸੰਗਤ ਮਹਾਰਾਜ ਜੀ ਨੂੰ ਵਿਦਾ ਕਰਨ ਲਈ ਨਾਲ ਆਈਆਂ। ਓਥੋਂ ਸਾਰੀ ਸੰਗਤ ਪਟਨਾ ਨਿਵਾਸੀ ਨੂੰ ਬੜੇ ਪ੍ਰੇਮ ਔਰ ਧੀਰਜ ਦੇਂਦੇ ਵਾਪਸ ਕੀਤਾ। ਉਸ ਤੇ ਅੱਗੇ ਮਹਾਰਾਜ ਜੀ ਕਾਸ਼ੀ ਆਏ। ਨੌਂਵੇਂ ਪਾਤਸ਼ਾਹ ਜੀ ਦੇ ਅਸਥਾਨ ਠਹਿਰੇ ਬੜੀ ਸੰਗਤ ਵਿੱਚ। ਇੱਥੇ ਮਹਰਾਜ ਜੀ ਦੇ ਬਚਪਨ ਦੀਆਂ ਚਪਲਾਂ ਹੁਣ ਤਕ ਮੌਜੂਦ ਹਨ। ਇਸ ਤੋਂ ਅੱਗੇ ਮਹਾਰਾਜ ਜੀ ਦਾ ਗੁਰਦਵਾਰਾ ਹੈ ਬ੍ਰਹਮ ਘਾਟ ਦੇ ਉਤੈ। ਮਹਾਰਾਜ ਜੀ ਰਸਤੇ ਵਿਚ ਅਨੇਕ ਜੀਆਂ ਦਾ ਉਧਾਰ ਕਰਦੇ ਹੋਏ ਆਜ਼ਾਦੀ ਦਾ, ਬੀਰ ਰਸ ਦਾ ਪ੍ਰਚਾਰ ਕਰਦੇ ਹੋਏ ਆਨੰਦਪੁਰ ਸਾਹਿਬ ਪਹੁੰਚੇ। ਏਥੇ ਨੌਂਵੇਂ ਪਾਤਸ਼ਾਹ ਜੀ ਨੇ ਓਹੀ ਗੁਰੂ ਨਾਨਕ ਸਾਹਿਬ ਵਾਲੀ ਸਿਖਯਾ ਬਖ਼ਸ਼ੀ। ਪ੍ਰਮਾਨ ਵਜੋਂ: - ਸ੍ਰੀ ਮੁਖਵਾਕ ਪਾ: ੧੦ ॥ ਮੱਦ੍ਰ ਦੇਸ ਹਮ ਕੋ ਲੇ ਆਏ ॥ ਭਾਂਤਿ ਭਾਂਤਿ ਦਾਈਅਨ ਦੁਲਰਾਏ ॥ ੨ ॥ ਕੀਨੀ ਅਨਿਕ ਭਾਂਤਿ ਤਨ ਰੱਛਾ ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥ [8]

ਇਸ ਤੋਂ ਅੱਗੇ ਜਿਸ ਵਖਤ ਗੁਰੂ ਸਾਹਿਬ ਜੀ ਦਾ ਗੱਦੀ ਨਸ਼ੀਨ ਦਾ ਪ੍ਰੋਗ੍ਰਾਮ ਜਿਸ ਦਿਨ ਹੋਆ ਸੀ, ਤਵਾਰੀਖ਼ ਖ਼ਾਲਸਾ ਵਿੱਚ ਜ਼ਿਕਰ ਹੈ ਕਿ ਉਸ ਦਿਨ ਪੰਜ ਹਜ਼ਾਰ ਰੁਪੈ ਦਾ ਕੜਾਹ ਪ੍ਰਸਾਦਿ ਸਜਯਾ ਗਯਾ ਔਰ ਵਰਤਾਯਾ ਗਿਆ। ਹੋਰ ਇਤਹਾਸ ਵਿਚ ਭੀ ਇਸਤ੍ਰਾਂ ਹੈ। ਲੰਗਰ ਦੇ ਬਾਰੇ ਭੀ ਇਸਤ੍ਰਾਂ ਜ਼ਿਕਰ ਆਉਂਦਾ ਹੈ ਕਿ ਬਾਰ੍ਹਾਂ ਵਜੇ ਤੋਂ ਲੈ ਕੇ ਰਾਤ ਦੇ ਦੋ ਵਜੇ ਤਕ ਲੰਗਰ ਮਹਾਰਾਜ ਜੀ ਦਾ ਵਰਤਦਾ ਰਿਹਾ। ਇਸ ਤੋਂ ਭੀ ਸੰਗਤਾਂ ਦਾ ਅੰਦਾਜ਼ਾ ਲਾ ਸਕਦੀ ਹੈ ਕਿ ਉਸ ਵਖਤ ਕਿਤਨੀ ਸੰਗਤ ਹੋਵੇਗੀ। ਔਰ ਪੈਮਾਨੇ ਪ੍ਰ ਮਹਾਰਾਜ ਜੀ ਦਾ ਲੰਗਰ ਚਲ ਰਿਹਾ ਸੀ, ਕਿਉਂਕਿ ਉਸ ਵਖਤ ਹਰ ਏਕ ਚੀਜ਼ ਬਹੁਤ ਸਸਤੀ ਸੀ।

## ਅਨੰਦਪੁਰ ਸਾਹਿਬ ਲੰਗ੍ਰ ਪਰਖਿਯਾ

ਅਨੰਦਪੁਰ ਸਾਹਿਬ ਵਿਚ ਰਹਿੰਦੇ ਹੋਇਆਂ ਗੁਰੂ ਸਾਹਿਬਜੀ ਦੇ ਲੰਗ੍ਰ ਦਾ ਜ਼ਿਕਰ ਇਸ ਪ੍ਰਸੰਗ ਤੋਂ ਸਾਬਤ ਹੁੰਦਾ ਹੈ ਕਿ ਦੀਵਾਨ ਵਿੱਚ ਦਸਮ ਪਿਤਾ ਜੀ ਨੇ ਸਾਰੇ ਲੰਗਰ ਦੇ ਦਰੋਗੇ ਤੇ ਪ੍ਰਬੰਧਕਾਂ ਨੂੰ ਪੁੱਛਿਆ ਕਿ ਸੁਣਾਓ ਲੰਗਰ ਠੀਕ ਚੱਲ ਰਿਹਾ ਹੈ? ਉਸ ਵਖਤ ਹਰ ਏਕ ਨੇ ਅਪਨੇ ਲੰਗਰ ਦੀ ਤਾਰੀਫ਼ ਕੀਤੀ। ਸੁਣਿ ਕਰ ਮਹਾਰਾਜ ਚੁੱਪ ਕਰ ਗਏ। ਕੁਛ ਦਿਨਾਂ ਬਾਦ ਮਹਾਰਾਜ ਜੀ ਭੇਸ ਵਟਾ ਕੇ ਲੰਗਰ ਦੇ ਸਾਮਨੇ ਲੰਗਰ ਦੀ ਪ੍ਰੀਖਯਾ ਕਰਨ ਲਈ ਹਰ ਏ ਲੰਗਰ ਦੇ ਸਾਮਨੇ ਜਾਕਰ ਜਾਚਨਾ ਕਰਦੇ। ਉਸ ਵਖਤ ਮਹਾਰਾਜ ਜੀ ਨੇ ਕਾਲੇ ਕੰਬਲ ਦੀ ਬੁੱਕਲ ਮਾਰੀ ਹੁਈ ਸੀ ਔਰ ਮੰਗਤਿਆਂ ਵਾਲਾ ਬਾਣਾ ਧਾਰਨ ਕੀਤਾ ਹੋਯਾ ਸੀ। ਜੇੜ੍ਹੇ ਭੀ ਲੰਗਰ ਦੇ ਸਾਮਨੇ ਜਾਂਦੇ, ਪ੍ਰਸਾਦਾ ਵਾਸਤੇ ਆਵਾਜ਼ ਦੇਂਦੇ, ਉਥੋਂ ਦੇ ਪ੍ਰਬੰਧਕ ਲਾਂਗ੍ਰੀ ਵ ਦਾਰੋਗਾ ਝਿੜਕ ਕੇ ਪੈਂਦੇ ਔਰ ਕਠੋਰ ਬਚਨ ਸੁਣਾਉਂਦੇ। ਸਾਰੇ ਲੰਗਰਾਂ ਤੋਂ ਮਹਾਰਾਜ ਜੀ ਖ਼ਾਲੀ ਮੁੜੇ, ਕਿਉਂਕਿ ਬੇ-ਟੈਮ ਗਏ ਸਨ। ਆਖ਼ੀਰ ਭਾਈ ਨੰਦ ਲਾਲ ਜੀ ਦੇ ਲੰਗ੍ਰ ਤੇ ਪਹੁੰਚੇ ਔਰ ਉਸੀ ਤ੍ਰਾਂ ਪ੍ਰਸਾਦੇ ਵਾਸਤੇ ਅਵਾਜ਼ ਦਿੱਤੀ, 'ਭਾਈ ਗੁਰਸਿੱਖੋ, ਮੈਂ ਬੜਾ ਭੁੱਖਾ ਹਾਂ। ਗੁਰੂ ਵਾਸਤੇ ਜਲਦੀ ਪ੍ਰਸਾਦਾ ਦੇਉ।' ਜਿਸ ਤੇ ਭਾਈ ਨੰਦ ਲਾਲ ਜੀ ਨੇ ਬੜੇ ਪ੍ਰੇਮ ਭਰੇ ਬਚਨ ਨਾਲ ਕਿਹਾ ਕਿ ਆਓ ਭਾਈ ਪ੍ਰੇਮੀਆ, ਬੈਠੋ, ਲੰਗਰ ਤਿਆਰ ਹੋ ਰਿਹਾ ਹੈ। ਬੈਠ ਕੇ ਛਕੋ। ਮਹਾਰਾਜ ਜੀ ਨੇ ਕਿਹਾ ਕਿ ਨਹੀਂ ਅਸੀਂ

---

[8] ਅਪਨੀ ਕਥਾ, ਬਚਿੱਤ੍ਰ ਨਾਟਕ, ਪੰਨਾ ੫੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

ਜਲਦੀ ਜਾਨਾ ਹੈ । ਸਾਡੀ ਝੋਲੀ ਵਿੱਚ, ਜੋ ਹੈ, ਪਾ ਦੇਉ । ਅਸੀਂ ਅਪਨੀ ਕੁਟੀਯਾ ਤੇ ਜਾ ਕੇ ਛਕਾਂਗੇ । ਉਸ ਵਕਤ ਭਾਈ ਨੰਦ ਲਾਲ ਜੀ ਨੇ ਅਤੀਤ ਰੂਪ ਵਿੱਚ ਆਏ ਮਹਾਰਾਜ ਜੀ ਨੂੰ ਜੋ ਹਾਜ਼ਰ ਸੀ, ਝੋਲੀ ਪਾ ਦਿੱਤਾ । ਦੂਸਰੇ ਦਿਨ ਦੀਵਾਨ ਵਿੱਚ ਸਾਰੇ ਲੰਗਰਾਂ ਦੇ ਪ੍ਰਬੰਧਕਾਂ ਨੂੰ ਬੁਲਾਯਾ ਔਰ ਉਸੀਤ੍ਰਾਂ ਫੇਰ ਪੁੱਛਿਆ ਕਿ ਸੁਨਾਓ ਭਾਈ, ਲੰਗਰ ਠੀਕ ਚਲ ਰਹੇ ਹੈਂ? ਕੋਈ ਸੰਤ, ਸਾਧ, ਅਭਿਆਗਤ ਆਦਿਕ ਖਾਲੀ ਤਾਂ ਨਹੀਂ ਗਯਾ? ਸਾਰਿਆਂ ਨੇ ਉਸੀਤ੍ਰਾਂ ਬੜੇ ਮਾਨ ਵਿਚ ਫੇਰ ਅਪਨੇ ਅਪਨੇ ਲੰਗਰ ਦੀ ਤਾਰੀਫ਼ ਕੀਤੀ । ਮਹਾਰਾਜ ਜੀ ਨੇ ਫੁਰਮਾਯਾ ਕਿ ਲੰਗਰ ਕੇਵਲ ਭਾਈ ਨੰਦ ਲਾਲ ਜੀ ਦਾ ਹੀ ਚੌਵੀ ਘੰਟੇ ਚਲਦਾ ਹੈ ਔਰ ਰਾਤ ਵਾਲੀ ਸਾਰੀ ਰਸਦ ਪ੍ਰਸਾਦਾ ਸਾਮਨੇ ਸਾਰਿਆਂ ਨੂੰ ਦਿਖਾਯਾ । ਇਸ ਤੋਂ ਭੀ ਸਿਧ ਹੋਯਾ ਕਿ ਕਲਗੀਧ੍ਰ ਦਸ਼ਮੇਸ਼ ਪਿਤਾ ਜੀ ਦੇ ਅਨੰਦਪੁਰ ਸਾਹਿਬ ਵਿਚ ਕਈ ਲੰਗਰ ਚਲਦੇ ਸਨ ।

ਅੱਗੇ ਏਕ ਦਫ਼ਾ ਅਨੰਦਪੁਰ ਸਾਹਿਬ ਦੇ ਇਲਾਕੇ ਵਿਚ ਕਾਲ ਪੈ ਗਯਾ ਸੀ । ਦੂਰੋਂ ਦੂਰੋਂ ਪਿੰਡਾਂ ਤੋਂ ਲੋਕ ਬੱਚੇ, ਪ੍ਰਵਾਰਾਂ ਨੂੰ ਲੈ ਕੇ ਆਨੰਦਪੁਰ ਸਾਹਿਬ ਡੇਰੇ ਲਾ ਲੀਏ ਸਨ । ਗੁਰੂ ਸਾਹਿਬ ਜੀ ਨੇ ਦੇਖ ਕੇ ਜੰਤਾਂ ਦੀ ਤਕਲੀਫ਼ ਨੂੰ ਸਾਰੇ ਲੰਗਰ ਦੇ ਲਾਂਗ੍ਰੀਆਂ ਨੂੰ, ਪ੍ਰਬੰਧਕਾਂ ਨੂੰ ਬੁਲਾ ਕੇ ਹੁਕਮ ਦਿੱਤਾ ਸੀ ਕਿ ਗੁਰੂ ਬਾਬਾ ਨਾਨਕ ਜੀ ਦਾ ਲੰਗਰ ਚੌਵੀ ਘੰਟੇ ਚਾਲੂ ਰਖਨਾ ਔਰ ਲੰਗਰ ਤੋਂ ਕੋਈ ਪ੍ਰਾਣੀ ਮਾਤ੍ਰ ਭੁੱਖਾ ਨਾ ਜਾਏ । ਇਸਤ੍ਰਾਂ ਕੁਛ ਦਿਨ ਲੰਗਰ ਚਲਦਿਆਂ ਨੂੰ ਹੋ ਗਏ ਸਨ, ਤਾਂ ਮਸੰਦਾਂ ਨੇ ਮਾਤਾ ਜੀ ਪਾਸ ਜਾ ਕੇ ਕਿਹਾ ਕਿ ਮਾਤਾ ਜੀਓ ਸਾਹਿਬਜ਼ਾਦਾ ਜੀ ਨੇ, ਗੁਰੂ ਸਾਹਿਬ ਜੀ ਨੇ ਬਹੁਤ ਲੰਗਰ ਖੁੱਲ੍ਹਾ ਜਾਰੀ ਕਰ ਦਿੱਤਾ ਹੈ । ਤੁਸੀਂ ਆਪ ਸੋਚੋ । ਕੱਢਦਿਆਂ ਕੱਢਦਿਆਂ ਔਰ ਵਰਤਾਂਵਦਿਆਂ ਹੋਇਆਂ ਖੂਹ ਭੀ ਨਿਖੁਟ ਜਾਂਦੇ ਹਨ । ਔਰ ਇਸ ਪ੍ਰਕਾਰ ਕਈ ਬਚਨ ਮਾਤਾ ਜੀ ਨੂੰ ਕਹੇ । ਸ੍ਰੀਮਾਨ ਮਾਤਾ ਜੀ ਸੁਣਿ ਕਰ ਗੁਰੂ ਸਾਹਿਬ, ਸਾਹਿਬਜ਼ਾਦਾ ਜੀ ਨੂੰ ਕੁਛ ਨਾ ਕਿਹਾ ਔਰ ਲੰਗਰ ਵਿੱਚ ਆਪ ਗਏ ਔਰ ਸਾਰੇ ਪ੍ਰਬੰਧਕਾਂ ਵ ਲਾਂਗ੍ਰੀਆਂ ਨੂੰ ਸਦ ਕੇ ਪੁੱਛਿਆ ਕਿ ਇਤਨਾ ਖ੍ਰਚ ਤੁਸੀਂ ਕਿਉਂ ਵਧਾ ਦਿੱਤਾ ਹੈ? ਸਾਰਿਆਂ ਨੇ ਹੱਥ ਜੋੜ ਔਰ ਮਾਤਾ ਜੀ ਨੂੰ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਸਤਕਾਰਯੋਗ ਸ੍ਰੀਮਾਨ ਮਾਤਾ ਸਾਹਿਬ ਜੀਓ, ਏਹ ਗੁਰੂ ਸਾਹਿਬ ਜੀ ਨੇ ਹੁਕਮ ਇਸਤ੍ਰਾਂ ਦਿੱਤਾ ਸੀ । ਮਾਤਾ ਜੀ ਗੁਰੂ ਸਾਹਿਬ ਜੀ ਦਾ ਨਾਮ ਸੁਣਿ ਕਰ ਔਰ ਉਨਾਂ ਦਾ ਹੁਕਮ ਸੁਨ ਕਰ ਲਾਂਗ੍ਰੀਆਂ ਨੂੰ ਆਗਿਯਾ ਕਰੀ ਕਿ ਜਿਸ ਤ੍ਰਾਂ ਸਾਹਿਬਜ਼ਾਦਾ ਜੀ ਨੇ ਹੁਕਮ ਕੀਤਾ ਹੈ, ਲੰਗਰ ਉਸੀ ਤ੍ਰਾਂ ਚਲਾਉ ਪ੍ਰ ਏਕ ਟੈਮ । ਇਸ ਤੋਂ ਬਾਦ ਲੰਗਰ ਏਕ ਟੈਮ ਚਲਨ ਲੱਗਾ । ਏਕ ਦਿਨ ਦਸ਼ਮੇਸ਼ ਪਿਤਾ ਜੀ ਨੇ ਦੂਰ ਦੂਰ ਤੋਂ ਪਿੰਡਾਂ ਤੋਂ ਆਏ ਹੋਏ ਮੁਖੀਆਂ ਤੋਂ ਪੁੱਛਿਆ, 'ਕਿਉਂ ਭਾਈ ਪ੍ਰੇਮੀਓ, ਗੁਰੂ ਕਾ ਲੰਗਰ ਸਭ ਨੂੰ ਮਿਲਦਾ ਹੈ?' ਅੱਗੋਂ ਉਨ੍ਹਾਂ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀਓ, ਆਪ ਦੀ ਕ੍ਰਿਪਾ ਨਾਲ ਏਕ ਟੈਮ ਤਾਂ ਸਾਰਿਆਂ ਨੂੰ ਰੱਜਵਾਂ ਗੱਫਾ ਮਿਲਦਾ ਔਰ ਰਜ ਰਜ ਕੇ ਖਾਂਦੇ ਹਾਂ, ਪ੍ਰ ਦੂਸਰੇ ਟੈਮ ਬੱਚੇ ਭੁੱਖੇ ਹੋ ਜਾਂਦੇ ਹਨ । ਮਹਾਰਾਜ ਜੀ ਨੇ ਸਭ ਲਾਂਗ੍ਰੀਆਂ, ਪ੍ਰਬੰਧਕਾਂ ਨੂੰ ਬੁਲਾ ਕੇ ਪੁੱਛਿਆ, 'ਕਿਉਂ ਭਾਈ, ਅਸਾਂ ਤੁਹਾਨੂੰ ਚੌਵੀ ਘੰਟੇ ਲੰਗਰ ਜਾਰੀ ਰਖਨ ਦਾ ਹੁਕਮ ਦਿੱਤਾ ਸੀ । ਤੁਸੀਂ ਅਪਨੇ ਆਪ ਏਕ ਟੈਮ ਕਿਉਂ ਕੀਤਾ?' ਅੱਗੋਂ ਪ੍ਰਬੰਧਕਾਂ ਔਰ ਲਾਂਗ੍ਰੀਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਮਹਾਰਾਜ ਜੀਓ, ਸ੍ਰੀ ਮਾਨ ਮਾਤਾ ਜੀ ਦੀ ਆਗਿਯਾ ਨਾਲ ਕੀਤਾ ਹੈ ।' ਏਹ ਸੁਣਿ ਕਰ ਉਸੇ ਤ੍ਰਾਂ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਤ੍ਰਾਂ ਬੀਰ ਰਸ ਵਿਚ ਆਕਰ ਗੁਰੂ ਬਾਬਾ ਨਾਨਕ ਸਾਹਿਬ ਜੀ ਦੇ ਲੰਗਰ ਵਿੱਚੋਂ ਏਕ ਟੈਮ ਬੱਚੇ ਭੁੱਖੇ ਰਹਿਣ ਨੂੰ ਨਾ ਸਹਾਰਦੇ ਹੋਏ ਬਚਨ ਕੀਤਾ ਤੇ ਸਰਾਪ ਦਿੱਤਾ ਕਿ ਗੁਜਰੀ ਉਜੜੀ ਗੁਰੂ ਬਾਬਾ ਨਾਨਕ ਦੇ ਲੰਗਰ ਨੂੰ ਰੁਕਾਉਂਦੀ ਹੈ । ਜਿਸ ਤੋਂ ਅਨੰਦਪੁਰ ਸਾਹਿਬ ਛਡਨਾ ਪਯਾ । ਸਾਰਾ ਪ੍ਰਵਾਰ ਖੇਰੂ

ਖੇਰੂ ਹੂਆ । ਆਪ ਦਸ਼ਮੇਸ਼ ਪਿਤਾ ਜੀ ਨੰਗੀਂ ਪੈਰੀਂ ਜੰਗਲਾਂ ਵਿੱਚ ਫਿਰਦੇ ਰਹੇ । ਇੱਥੇ ਏਹ ਪ੍ਰਸੰਗ ਨੂੰ ਮੁੱਖ ਰੱਖਦੇ ਹੂਏ ਵੀਚਾਰਨ ਦੀ ਲੋੜ ਹੈ ਕਿ ਜੇੜ੍ਹੇ ਸਤਿਗੁਰ ਸੱਚੇ ਪਾਤਸ਼ਾਹ ਜੀ ਏਕ ਟੈਮ ਲੰਗਰ ਕਰਨ ਤੇ ਵ ਆਠ ਪਹਿਰਾ ਲੰਗਰ ਕਰਨ ਤੋਂ ਸੱਚੇ ਪਾਤਸ਼ਾਹ ਜੀ ਦੇ ਦਿਲ ਨੂੰ ਅਥਾਹ ਔਰ ਪਵਿਤਰ ਹਰਖ ਸੋਗ ਤੋਂ ਅਤੀਤ ਦਿਲ ਨੂੰ ਇਤਨਾ ਦੁਖ ਪਹੁੰਚਾ ਕਿ ਅਪਨੇ ਪ੍ਰਵਾਰ ਨੂੰ ਔਰ ਅਪਨੇ ਮਾਨਯੋਗ ਮਾਤਾ ਜੀ ਨੂੰ ਸ੍ਰਾਪ ਦੇ ਦਿੱਤਾ, ਪ੍ਰ ਜੇੜ੍ਹੇ ਪ੍ਰਬੰਧਕ, ਮੈਨੇਜਰ, ਦਰੋਗੇ ਬੇਹੰਗਮਾਂ ਨੂੰ, ਸਾਧ, ਅਤੀਤਾਂ ਨੂੰ ਧੱਕੇ ਮਾਰ ਕੇ ਲੰਗਰ ਵਿੱਚੋਂ ਪਤਾ ਨਹੀਂ ਕਿ ਉਨ੍ਹਾਂ ਵਾਸਤੇ ਗੁਰੂ ਸਾਹਿਬ ਜੀ ਦਾ ਪਵਿੱਤਰ ਆਤਮਾ ਵ ਦਿਲ ਕੇਹੜੀ ਕੇਹੜੀ ਸਜ਼ਾ ਉਨ੍ਹਾਂ ਨੂੰ ਦੇਨਗੇ ਔਰ ਉਨ੍ਹਾਂ ਦਾ ਕੀ ਹਾਲ ਹੋਇਗਾ? ਪਤਾ ਨਹੀਂ ਕਿ ਕੁੰਭੀ ਨਰਕਾਂ ਵਿਚ ਉਨ੍ਹਾਂ ਨੂੰ ਜਗ੍ਹਾ ਮਿਲੇਗੀ ਯਾ ਨਹੀਂ । ਅੱਗੇ ਝਿੜਕਨ ਤੇ ਸਜ਼ਾ ਦਾ ਟੂਕ ਮਾਤ੍ਰ ਵਰਨੰਨ ਦਿੱਤਾ ਗਯਾ ਹੈ: -

ਏਕ ਦਫ਼ਾ ਦੀਨ ਦੁਨੀਆਂ ਦੇ ਵਾਲੀ ਸਾਹਿਬ ਕਲਗੀਧ੍ਰ ਪਾਤਸ਼ਾਹ ਦਿਵਾਨ ਵਿਚ ਬੈਠੇ ਸਨ । ਦੀਵਾਨ ਬੜਾ ਭਾਰੀ ਲਗਿਆ ਸੀ । ਉਸ ਵਖਤ ਏਕ ਕਲੰਧਰ ਆਯਾ ਔਰ ਮਹਾਰਾਜ ਜੀ ਦੇ ਸਨਮੁਖ ਬੇਨਤੀ ਕੀਤੀ ਕਿ ਮਹਾਰਾਜ ਜੀਓ, ਮੈਂ ਨਿਮਾਨੇ ਦੀ ਖੇਡ ਦੇਖੋ । ਔਰ ਖੁਲ੍ਹਾ ਇਨਾਮ ਬਖ਼ਸ਼ੋ । ਮਹਾਰਾਜ ਖ਼ੁਸ਼ੀ ਵਿੱਚ ਆਏ । ਹੁਕਮ ਕੀਤਾ ਕਿ ਦਿਖਾਓ ਭਾਈ । ਉਸ ਵਖਤ ਕਲੰਦਰ ਦੇ ਹੱਥ ਵਿੱਚ ਰੀਛ ਦਾ ਰੱਸਾ ਪਕੜਿਆ ਹੋਇਆ ਸੀ । ਹੁਕਮ ਮਿਲਨ ਤੇ ਰੀਛ ਨੂੰ ਨਚਾਵਨ ਲੱਗਾ ਔਰ ਰੀਛ ਨਾਲ ਘੂਲਨ ਲੱਗ ਪਿਆ । ਗੁਰੂ ਸਾਹਿਬ ਜੀ ਦੇ ਪੀਛੇ ਭਾਈ ਮਾਨ ਸਿੰਘ ਚੌਰ ਲੇਕਰ ਖੜੇ ਸਨ । ਚੌਰ ਦੀ ਸੇਵਾ ਕਰ ਰਹੇ ਸਨ । ਰੀਛ ਦਾ ਨਾਚ ਦੇਖ ਕੇ, ਉਸਦਾ ਬੋਲ ਸੁਨ ਕੇ ਬਹੁਤ ਹੱਸੀ ਜਾਨ, ਆਪੇ ਤੋਂ ਬਾਹਰ ਹੋ ਕੇ । ਗੁਰੂ ਸਾਹਿਬ ਜੀ ਨੇ ਪਿੱਛੇ ਵੱਲ ਭਾਈ ਮਾਨ ਸਿੰਘ ਵੱਲ ਤਕ ਕੇ ਫੁਰਮਾਯਾ ਕਿ ਭਾਈ ਮਾਨ ਸਿੰਘ ਜੀਓ, ਇਤਨਾ ਕਿਉਂ ਹੱਸਦੇ ਹੋ? ਏਹ ਤਾਂ ਤੁਹਾਡੇ ਪਿਤਾ ਜੀ ਹਨ । ਏਹ ਬਚਨ ਮਹਾਰਾਜ ਜੀ ਦੇ ਸੁਨ ਕੇ ਭਾਈ ਮਾਨ ਸਿੰਘ ਜੀ ਨੇ ਮਹਾਰਾਜ ਜੀ ਤੋਂ ਤੀਨ ਦਫ਼ਾ ਜਵਾਬ ਵਿੱਚ ਕਿਹਾ । ਮਾਨ ਸਿੰਘ ਜੀ ਠੀਕ ਏ ਤੇਰੇ ਪਿਤਾ ਜੀ ਹਨ । ਏ ਸੁਨਦੇ ਸਾਰ ਸਾਮਨੇ ਏਕ ਦਮ ਆ ਕੇ ਚੌਰ ਮਹਾਰਾਜ ਜੀ ਦੇ ਚਰਨਾਂ ਵਿੱਚੁ ਰੱਖ ਦਿੱਤਾ ਔਰ ਕਿਹਾ ਕਿ ਮਹਾਰਾਜ ਜੀਓ, ਜੇ ਆਪ ਦੀ ਸੇਵਾ ਕਰਕੇ ਰਿਛ ਬਘਿਆੜ ਬਨਨਾ ਹੈ, ਤਾਂ ਆਪ ਦੀ ਸੇਵਾ ਕਿਉਂ ਕਰੀਏ, ਕਿਉਂਕਿ ਮੇਰੇ ਪਿਤਾ ਜੀ ਗੁਰੂ ਘਰ ਦੇ ਅਨਨ ਸੇਵਕ ਸਨ । ਸ੍ਰੀ ਦਸ਼ਮੇਸ਼ ਜੀ ਨੇ ਫੁਰਮਾਯਾ ਕਿ ਮਾਨ ਸਿੰਘ ਏ ਭੀ ਵੀਚਾਰ ਕਿ ਕਸੂਰ ਤੇਰੇ ਪਿਤਾ ਦਾ ਕਿ ਸਾਡਾ । ਏਹ ਬਚਨ ਗੁਰੂ ਸਾਹਿਬ ਜੀ ਦਾ ਸੁਣਿ ਕਰ ਮਾਨ ਸਿੰਘ ਜੀ ਤੇ ਸਾਰੀ ਸੰਗਤ ਬੜੀ ਅਸਚਰਜ ਹੁਈ ਔਰ ਸਾਰੇ ਸੋਚੀਂ ਪੈ ਗਏ, ਔਰ ਸਾਰਿਆਂ ਦੀ ਤੀਬ੍ਰ ਇੱਛਾ ਜਾਨ ਕੇ ਲਾਂਗਰੀ ਸਿੰਘ ਨੂੰ ਬੁਲਾ ਕੇ ਹੁਕਮ ਕੀਤਾ ਕਿ ਜਲਦੀ ਕੜਾਹ ਪ੍ਰਸਾਦਿ ਸਜਾ ਕੇ ਲੇ ਆਉ । ਕੜਾਹ ਪ੍ਰਸਾਦਿ ਆਵਨ ਪ੍ਰ ਲਾਂਗਰੀ ਸਿੰਘ ਨੇ ਅਰਦਾਸਾ ਸੋਧ ਕੇ ਮਹਾਰਾਜ ਜੀ ਦੇ ਸਾਮਨੇ ਥਾਲ ਵਿੱਚ ਪਾ ਕੇ ਹਾਜ਼ਰ ਕੀਤਾ । ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਥੋੜ੍ਹਾ ਸਾ ਪ੍ਰਸਾਦਿ ਅਪੁਨੀ ਰਸਨਾ ਲਾਇਆ ਔਰ ਬਾਕੀ ਸ਼ੀਤ ਪ੍ਰਸਾਦ ਕਲੰਦ੍ਰ ਨੂੰ ਹੁਕਮ ਕੀਤਾ ਕਿ ਏਹ ਪ੍ਰਸਾਦਿ ਰੀਛ ਨੂੰ ਖੁਵਾ ਦੇਉ । ਪ੍ਰਸਾਦਿ ਖਾਨ ਦੇ ਸਾਰ ਹੀ ਰੀਛ ਦੀ ਕਾਯਾ ਪਲਟ ਗਈ ਤੇ ਦੇਵ ਦੇਹੀ ਪਾਈ । ਔਰ ਸਨਮੁਖ ਹਾਥ ਜੋੜ ਕਰ ਔਰ ਨਮਸਕਾਰ ਕਰਕੇ ਭਰੇ ਦੀਵਾਨ ਵਿੱਚ ਅਪਨੀ ਪਹਿਲੇ ਜਨਮ ਦੀ ਕਥਾ ਸੁਨਾਈ ਕਿ ਕਿਸਤ੍ਰਾਂ ਸੁੱਚ ਪਵਿਤ੍ਰ ਹੋ ਕੇ ਕੜਾਹ ਪ੍ਰਸਾਦਿ ਬਾਣੀ ਪੜ੍ਹ ਕੇ, ਸਜਾ ਕੇ ਮਹਾਰਾਜ ਜੀ ਦੇ ਹੁਜ਼ੂਰ ਲਿਆ ਕੇ ਰਖਦਾ ਸੀ ਔਰ ਦੀਵਾਨ ਦਾ ਭੋਗ ਪੈਣ ਤੇ ਕਿਸਤ੍ਰਾਂ ਫੁਰਤੀ ਨਾਲ ਪ੍ਰਸਾਦਿ ਵਰਤਾਂਵਦਾ ਸੀ । ਇਕ ਸਿੰਘ ਭੱਜਿਆ ਆਯਾ । ਓਹ ਸਿੰਘ ਗੱਡੇ ਵਾਲਾ ਸੀ ਔਰ ਉਸ ਦਾ ਗੱਡਾ ਜਾ ਰਿਹਾ ਸੀ । ਇਸ ਕਰਕੇ ਓਹ ਜਲਦੀ ਜਲਦੀ

ਮੇਰੇ ਸਾਮਨੇ ਸਾਮਨੇ ਹੋ ਕੇ ਪ੍ਰਸਾਦਿ ਮੰਗੇ ਔਰ ਕਹੇ ਕਿ ਮੈਨੂੰ ਜਲਦੀ ਜਲਦੀ ਦੇਉ ਮੈਂ ਜਾਨਾ ਹੈ । ਮੈਂ ਕਈ ਦਫ਼ਾ ਉਹ ਨੂੰ ਝਿੜਕ ਦੀਆ ਕਿ ਬਹਿ ਜਾ ਬੈਠ ਕੇ ਪ੍ਰਸਾਦਿ ਲੈ, ਪ੍ਰ ਉਹ ਪ੍ਰੇਮੀ ਉਸੀਤ੍ਰਾਂ ਅੱਗੇ ਅੱਗੇ ਆ ਕੇ ਕਹੇ ਕਿ ਮੈਨੂੰ ਜਲਦੀ ਦੇਉ, ਮੈਂ ਜਾਨਾ ਹੈ । ਮੈਂ ਅੱਕ ਕੇ ਔਰ ਝਿੜਕ ਕੇ ਗੁਰਸਿੱਖ ਨੂੰ ਕਿਹਾ, "ਕਿਉਂ ਰੀਛੋਂ ਵਾਗਨ ਟੱਪਦਾ ਹੈ? ਬਹਿ ਜਾ ।" ਏਹ ਸੁਨ ਕੇ ਵਹੁ ਗੁਰਸਿੱਖ ਮੇਰੇ ਹੱਥੋਂ ਪ੍ਰਸਾਦਿ ਦਾ ਕਿਨਕਾ ਡਿਗਿਯਾ, ਉਹ ਚੁੱਕ ਕੇ ਮੂੰਹ ਵਿਚ ਪਾ ਲੀਆ ਤੇ ਮੈਨੂੰ ਬਚਨ ਕੀਤਾ ਕਿ ਭਾਈ, ਸਾਨੂੰ ਮਹਾਰਾਜ ਜੀ ਦਾ ਕਿਨਕਾ ਹੀ ਬਹੁਤ ਹੈ, ਰਿੱਛ ਤੂੰ ਹੀ ਬਨ ਕੇ ਟੱਪਦਾ ਰਹੋ । ਓਹ ਗੁਰਸਿੱਖ ਦੇ ਸ੍ਰਾਪ ਦੁਵਾਰਾ ਮੈਂ ਰੀਛ ਜੂਨ ਪਾਈ । ਹੁਣ ਗੁਰੂ ਸਾਹਿਬ ਜੀ ਦੇ ਕ੍ਰਿਪਾ ਦ੍ਰਿਸ਼ਟੀ ਨਾਲ ਮੇਰਾ ਉਧਾਰ ਹੋਯਾ ਹੈ । ਹੁਨ ਮੈਂ ਬੈਕੁੰਠ ਜਾ ਰਿਹਾ ਹਾਂ ।

ਆਓ ਇਸ ਪ੍ਰਸੰਗ ਨੂੰ ਭੀ ਦਿਲ ਨਾਲ ਵੀਚਾਰੀਏ ਔਰ ਸੋਚੀਏ ਕਿ ਸੇਵਾ ਕਰਦੇ ਹੋਇਆਂ ਪ੍ਰਸਾਦਿ ਵਰਤਾਂਵਦੇ ਆਏ ਲੋੜਵੰਦ ਨੂੰ ਝਿੜਕਾਂਗੇ, ਦੁਰਬਚਨ ਕਹਾਂਗੇ, ਧੱਕੇ ਮਾਰਾਂਗੇ, ਤਾਂ ਸਾਡਾ ਕੀ ਹਾਲ ਹੋਇਗਾ? ਸਤਿਨਾਮ ਸ੍ਰੀ ਵਾਹਿਗੁਰੂ ਜੀ ।

ਮਾਛੀਵਾੜੇ ਤੋਂ ਗੁਰੂ ਸਾਹਿਬ ਅਨੇਕ ਥਾਂਵਾਂ ਹੁੰਦੇ ਹੂਏ ਅਨੇਕ ਜੀਵਾਂ ਦਾ ਉਧਾਰ ਕਰਦੇ ਹੋਏ ਗਏ । ਕੱਲੇ ਆਦਿਕ ਹੁੰਦੇ ਕੋਟਕਪੂਰੇ ਤੋਂ ਲੰਘਦੇ ਹੂਏ ਕੋਟਕਪੂਰੇ ਸੇ ਬਗਸਰ ਨੀਲੀ ਪੁਸ਼ਾਕ ਉਤਾਰ ਕਰ ਚਿੱਟੀ ਪੁਸ਼ਾਕ ਪਹਿਨ ਕਰ ਉਥੋਂ ਨਾਂਗੇ ਦੀ ਸ੍ਰਾਂ ਹੁੰਦੇ ਹੂਵੇ ਮੁਕਤਸ੍ਰ ਟਿੱਬੀ ਸਾਹਿਬ ਆਦਿਕ ਅਸਥਾਨਾਂ ਤੇ ਚਰਨ ਪਾਉਂਦੇ ਹੋਏ, ਮੁਕਤਸਰ ਨੂੰ ਵਰ ਬਖ਼ਸ਼ਦੇ ਹੋਏ ਕਿ ਮਾਘੀ ਵਾਲੇ ਦਿਨ ਜੇੜੇ ਭੀ ਆ ਕੇ ਦਰਸ਼ਨ ਕਰੇਗਾ ਵ ਇਸਨਾਨ ਕਰੇਗਾ, ਓਹ ਮੁਕਤ ਹੋਇਗਾ । ਅੱਜ ਦੇ ਦਿਨ, ਮਾਘੀ ਨੂੰ, ਅਗਰ ਇਸ ਅਸਥਾਨ ਦੇ ਉਤੇ ਪੰਛੀ ਭੀ ਉਡੱ ਕੇ ਲੰਘੇਗਾ ਔਰ ਜਾਵੇਗਾ, ਓਹ ਭੀ ਮੁਕਤ ਨੂੰ ਪ੍ਰਾਪਤ ਹੋਇਗਾ । ਔਰ ਇੱਥੇ ਅਤੁਟ ਲੰਗਰ ਚੱਲੇਗਾ । ਉਥੋਂ ਗੁਰੂ ਸਾਹਿਬ ਜੀ ਕਈ ਪਿੰਡਾਂ ਦੇ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਅਨੇਕਾਂ ਨੂੰ ਅਮ੍ਰਿਤ ਪਾਨ ਕਰਾਂਵਦੇ ਹੋਏ ਦਸਮੇ ਸਾਹਿਬ ਸਾਬੋ ਕੀ ਤਿਲਵੰਡੀ ਆਏ । ਇਸ ਅਸਥਾਨ ਦਾ ਨਾਉਂ ਦਮਦਮਾ ਸਾਹਿਬ, ਗੁਰੂ ਕੀ ਕਾਸ਼ੀ ਰਖਿਆ ।

## ਮਥਰਾ ਦੀ ਸਾਖੀ

ਇੱਥੇ ਗੁਰੂ ਸਾਹਿਬ ਜੀ ਨੇ ਅਨੇਕਾਂ ਕਉਤਕ ਕੀਤੇ, ਜੋ ਵਿਸਥਾਰ ਹੋਣ ਤੋਂ ਇੱਥੇ ਨਹੀਂ ਲਿਖੇ ਗਏ । ਇੱਥੇ ਭੀ ਮਹਾਰਾਜ ਜੀ ਨੇ ਲੰਗਰ ਦਾ ਔਰ ਵਿਦਿਆ ਵਰ ਦਿੱਤਾ ਸੀ । ਜੋ ਹੁਣ ਤਕ ਦੋਵੇਂ ਜਗ੍ਹਾ ਦੇਗਾਂ ਚੱਲ ਰਹੀਆਂ ਹਨ । ਉਥੋਂ ਮਹਾਰਾਜ ਜੀ ਚਾਲੇ ਪਾ ਕੇ ਲਖੀ ਜੰਗਲ ਰਾਜਸਥਾਨ ਹੁੰਦੇ ਹੂਏ ਅਨੇਕ ਜੀਆਂ ਦਾ ਉਧਾਰ ਕਰਦੇ ਹੋਏ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਮਥਰਾ ਆਏ । ਉਥੈਂ ਬੰਦਰਾਂ ਨੇ ਸਿੰਘ ਦੀ ਢਾਲ ਚੁੱਕ ਕੇ ਲੈ ਗਏ । ਮਹਾਰਾਜ ਜੀ ਪਾਸ ਸਿੰਘਾਂ ਨੇ ਸ਼ਿਕਾਯਤ ਕੀਤੀ । ਗੁਰੂ ਮਹਾਰਾਜ ਜੀ ਨੇ ਫ਼ੁਰਮਾਯਾ ਕਿ ਸਾਡੀ ਤਿਰੇਤੇ ਜੁਗ ਦੀ ਫ਼ੌਜ ਹੈ । ਏਹ ਭੁੱਖੇ ਹਨ । ਲੰਗਰ ਮੰਗਦੇ ਹਨ । ਇਨ੍ਹਾਂ ਨੂੰ ਖੁੱਲ੍ਹੇ ਗੱਫੇ ਵਰਤਾਓ, ਛਕਾਓ । ਏਹ ਬਚਨ ਸੁਨ ਕਰ ਮੁਖੀ ਸਿੰਘਾਂ ਨੇ ਬਾਂਦ੍ਰਾਂ ਨੂੰ ਖੁਲ੍ਹੇ ਗਫੇ ਵਰਤਾਏ । ਬਾਂਦ੍ਰਾਂ ਨੇ ਢਾਲ ਲਿਆ ਕੇ ਮਹਾਰਾਜ ਜੀ ਦੇ ਚਰਨਾਂ ਵਿਚ ਰੱਖ ਕੇ ਸਾਰਿਆਂ ਨੇ ਨਮਸਕਾਰ ਕਰਕੇ ਅਪਨੀ ਬੋਲੀ ਵਿੱਚ ਜੈਕਾਰੇ ਛੱਡਦੇ ਹੂਏ ਜੰਗਲਾਂ ਨੂੰ ਭੱਜ ਗਏ । ਏਥੇ ਭੀ ਮਥਰਾ ਵਿਚ ਗੁਰੂ ਸਾਹਿਬ ਜੀ ਦਾ ਗੁਰਦਵਾਰਾ ਹੁਣ ਤਕ ਮੌਜੂਦ ਹੈ ਔਰ ਲੰਗਰ ਚੱਲ ਰਿਹਾ ਹੈ । ਇੱਥੋਂ ਅੱਗੇ

ਅਨੇਕ ਥਾਂਵਾਂ ਤੋਂ ਹੁੰਦੇ ਹੋਏ ਅਨੇਕ ਜੀਆਂ ਦਾ ਉਧਾਰ ਕਰਦੇ ਹੂਏ ਬੁਹਰਾਨਪੁਰ ਸ਼ੇਰਾਂ ਦਾ ਏਕ ਸੌ ਏਕ (੧੦੧) ਦਾ ਜਥਾ ਝਟਰਾ ਕੇ ਇਸ ਕੌਤਕ ਨੂੰ ਦੇਖ ਕੇ ਸਾਰੇ ਸ਼ਹਿਰ ਨੇ ਗੁਰੂ ਸਾਹਿਬ ਜੀ ਨੂੰ ਔਤਾਰ ਮੰਨ ਕੇ ਵ ਜਾਨ ਕੇ ਸਾਰਾ ਸ਼ਹਿਰ ਨਜ਼ਰ ਭੇਟਾ ਲੈ ਲੈ ਕੇ ਆਏ । ਮਹਾਰਾਜ ਜੀ ਨੂੰ ਭੇਟ ਕਰਕੇ ਵ ਨਮਸਕਾਰ ਕਰਕੇ ਮਹਾਰਾਜ ਦੀਆਂ ਪ੍ਰਦਛਨਾ ਕਰਕੇ ਔਰ ਮਹਾਰਾਜ ਜੀ ਤੋਂ ਸਤਿਨਾਮ ਦਾ ਉਪਦੇਸ਼ ਲੈ ਕੇ ਸਾਰਾ ਸ਼ਹਿਰ ਹੀ ਸਿੱਖ ਔਰ ਸੇਵਕ ਬਨ ਗਯਾ । ਇੱਥੇ ਭੀ ਦੋ ਗੁਰਦਵਾਰੇ ਹੈਂ । ਏਕ ਸ਼ਹਿਰ ਵਿਚ, ਏਕ ਬਾਹਰ । ਇਥੇ ਭੀ ਮਹਾਰਾਜ ਜੀ ਦਾ ਲੰਗਰ ਚੱਲ ਰਹੇ ਹੈਂ ।

## ਗੋਦਾਵਰੀ ਆਵਨਾ ਨਾਂਦੇੜ

ਇੱਥੋਂ ਅੱਗੇ ਅਕੋਲਾ ਅਮਰਾਵਤੀ ਹੋਂਦੇ ਹੋਏ ਅਨੇਕ ਜੀਆਂ ਦਾ ਉਧਾਰ ਕਰਦੇ ਹੋਏ ਗੁਰਮਤ ਦਾ ਸਤਿਨਾਮ ਦਾ ਔਰ ਆਜ਼ਾਦੀ ਦਾ ਪ੍ਰਚਾਰ ਹਰ ਜਗ੍ਹਾ ਕਰਦੇ ਆਏ ਬਸਮਤ ਆਨ ਡੇਰੇ ਲਾਏ । ਇੱਥੋਂ ਦੋ ਤੀਨ ਦਿਨ ਨੀਵਾਸ ਕਰਕੇ ਉਥੋਂ ਚਾਲੇ ਪਾ ਕੇ ਨਾਂਦੇੜ ਸ਼ਹਿਰ ਆ ਕੇ ਗੋਦਾਵਰੀ ਦੇ ਕੰਡੇ ਡੇਰੇ ਲਾਏ ।

ਨੋਟ: - ਪਿਛਲੇ ਪ੍ਰਸੰਗ ਬਹੁਤ ਬੜੇ ਵਿਸਥਾਰ ਵਾਲੇ ਹਨ । ਇਸ ਵਾਸਤੇ ਟਰੈਕਟ ਬਹੁਤ ਬੜਾ ਹੋਨ ਤੋਂ ਜ਼ਿਆਦਾ ਵਿਸਥਾਰ ਹੋਣ ਤੋਂ ਸੰਕੋਚ ਕੀਤਾ ਗਿਆ ਹੈ, ਜਿਸਤ੍ਹਾਂ ਕਿ ਰਾਸਤੇ ਵਿੱਚ ਬਹਾਦ੍ਰ ਸ਼ਾਹ ਦੀ ਪ੍ਰੇਮ ਦੇ ਖਿੱਚ ਤੇ ਦਿੱਲੀ ਗਏ ਸਨ । ਮੋਤੀ ਬਾਗ ਬੈਠੇ ਸਨ ਵ ਸਾਰੀ ਦਿੱਲੀ ਦੀਆਂ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਸੀ । ਯਾਦਗਾਰ ਵਜੋਂ ਗੁਰਦਵਾਰਾ ਸਾਹਿਬ ਮੋਤੀ ਬਾਗ ਹੁਣ ਤਕ ਮੌਜੂਦ ਹੈ । ਇਸ ਵਾਸਤੇ ਆਪਾਂ ਜ਼ਿਆਦਾ ਵਿਸਥਾਰ ਵਿੱਚ ਨਾ ਜਾਂਦੇ, ਜਲਦੀ ਹਜ਼ੂਰ ਸਾਹਿਬ ਪਹੁੰਚ ਕੇ ਹਜ਼ੂਰੀ ਤਖ਼ਤ ਸਾਹਿਬ ਜੀ ਦੀ ਮਿਰਯਾਦਾ ਦੀ ਵਿਚਾਰ ਕਰਨੀ ਹੈ ।

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਆਦਿ ਕਰੂੰ ਗੁਰਦੇਵ ਕੋ ਬੰਦਨ ।
ਵਾਹਿਗੁਰੂ ਮੁਖ ਮਾਹਿ ਉਚਾਰੀ ।

ਬਿਲਾਵਲੁ ਮਹਲਾ ੫ ॥ ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥ ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ੧ ॥ ਰਹਾਉ ॥ ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥ ੨ ॥ ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥ ਸ੍ਰਮੁ ਕਰਤੇ ਦਮ ਆਢ ਕਉ ਤੇ

ਗਨੀ ਧਨੀਤਾ ॥ ੩ ॥ ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ ਕਰਿ ਕਿਰਪਾ ਮੁਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥ ੪ ॥ ੭ ॥ ੩੭ ॥ [੫]

ਜਿਸ ਵਖਤ ਗੁਰੂ ਸਾਹਿਬ ਜੀ ਹਜ਼ੂਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਆਈ ਦਿੱਤੀ ਸੀ ਔਰ ਭਾਈ ਸੰਤੋਖ ਸਿੰਘ ਜੀ ਨੂੰ ਜੱਥੇਦਾਰ ਥਾਪਿਆ ਸੀ, ਔਰ ਲੰਗਰ, ਦੇਗ ਚਲਾਨ ਦੀ ਆਗਿਯਾ ਦਿੱਤੀ ਸੀ, ਉਸ ਤੋਂ ਬਾਦ ਏਕ ਦਿਨ ਸੰਗਤ ਨੇ ਵਿਚਾਰ ਕੀਤੀ ਕਿ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਦਸਾਂ ਪਾਤਿਸ਼ਾਹੀਆਂ ਤਕ ਅਨੇਕ ਜਗ੍ਹਾ ਲੰਗਰ ਚਲਾਉਣ ਦੇ ਹੁਕਮ ਦਿੱਤੇ। ਇਸ ਤੇ ਇਸ ਵਖਤ ਦਸੋਂ ਪਾਤਸ਼ਾਹੀਆਂ ਜੀ ਦੇ ਗੁਰਤਾ ਗੱਦੀ ਤੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਯਾਰਵੇਂ ਗੁਰੂ ਜੀ ਸੁਸ਼ੋਭਿਤ ਹੈਂ, ਤਾਂ ਤੇ ਇਨ੍ਹਾਂ ਤੋਂ ਭੀ ਪਤਾ ਕੀਤਾ ਜਾਏ ਕਿ ਲੰਗਰ ਦੇ ਬਾਰੇ ਕੀ ਹੁਕਮ ਹੈ? ਸਾਰੀ ਸੰਗਤ ਨੇ ਖੜੇ ਹੋ ਕੇ ਅਰਦਾਸਾ ਕੀਤੀ ਔਰ ਬੇਨਤੀ ਕੀਤੀ ਕਿ ਜੋਤੀ ਸਰੂਪ ਮਹਾਰਾਜ ਜੀਓ, ਆਪ ਜੀ ਦਾ ਲੰਗਰ ਬਾਰੇ ਕੀ ਹੁਕਮ ਹੈ? ਜਦ ਗ੍ਰਿੰਥੀ ਸਿੰਘ ਨੇ ਬਚਨ ਲਿਆ, ਤਾਂ ਏਹ ਹੁਕਮ ਆਯਾ: -

ਸ੍ਰੀ ਮੁਖਵਾਕ ਪਾ: ੧੧ [੬]
ਕਬੀਰ ਜੀ, ਸਲੋਕ ੧੯੨ ਵਾਂ :-

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥ ੧੯੨ ॥ [੭]

ਦੇਗ਼ ਤੇਗ਼ ਜਗ ਮੈ ਦੋਊ ਚਲੈ॥ [੮]

ਏਸ ਮੁਖਵਾਕ ਦਾ ਵ ਇਸ ਦਾ ਭਾਵ ਅਰਥ ਏਹ ਹੋਆ ਕਿ ਦਸੋਂ ਪਾਤਸ਼ਾਹੀਆਂ ਨੇ ਤੀਰਥਾਂ ਤੇ ਗੁਰ ਅਸਥਾਨਾਂ ਤੇ ਲੰਗਰ ਚਲਾਨ ਦਾ ਹੁਕਮ ਕੀਤਾ ਸੀ। ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ, ਯਾਰਵੀਂ ਪਾਤਸ਼ਾਹੀ ਨੇ ਘਰਿ ਘਰਿ ਲੰਗਰ ਦਾ ਹੁਕਮ ਕੀਤਾ, ਜਿਸਤ੍ਰਾਂ ਕਿ ਪਹਿਲੇ ਸਤਿਗੁਰੂ ਨਾਨਕ ਤੋਂ ਲੈ ਕੇ ਦਸੋ ਪਾਤਸ਼ਾਹੀਆਂ ਤਕ ਅੰਨਦਾਨ, ਗੋਬਿੰਦ ਨਾਮ ਦੀ ਖ਼ਾਸ ਆਗਯਾ ਕਰਦੇ ਹੁੰਦੇ ਸੀ। ਪ੍ਰ ਗੁਰੂ ਗ੍ਰਿੰਥ ਜੀ ਨੇ ਲੰਗਰ ਵਾਸਤੇ ਸਖ਼ਤ ਆਡਰ ਕੀਤਾ ਹੈ ਕਿ ਜਿਸ ਘਰਿ ਵਿੱਚੋਂ ਗੁਰਸਿੱਖ, ਸਾਧ, ਸੰਤ, ਅਭਿਯਾਗਤ, ਅਤੀਤ ਭੁੱਖਾ ਚਲਾ ਜਾਇ, ਓਹ ਘਰ ਨਹੀਂ, ਸਮਝੋ ਕਿ ਓਹ ਮਸਾਨ ਘਾਟ ਹੀ ਹੈ। ਔਰ ਜੇੜੇ ਉਸ ਵਿਚ ਇਨਸਾਨ ਵਸਦੇ ਹਨ, ਓਹ ਸਾਰੇ ਸਿੱਖ ਸੇਵਕ ਨਹੀਂ ਹਨ ਔਰ ਸਮਝੋ ਕਿ ਓਹ ਭੂਤ ਹੀ ਹਨ ਔਰ ਭੂਤ ਹੀ ਬਸ ਰਹੇ ਹਨ।

---

[੫] ਪੰਨਾ ੮੦੯-੮੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੬] ਗਿਆਰ੍ਹਵੇਂ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੭] ਪੰਨਾ ੧੩੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੮] ਕ੍ਰਿਸ਼ਨਾਵਤਾਰ, ਪੰਨਾ ੩੧੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

ਅੱਗੇ ਗੁਰੂ ਪੰਥ ਔਰ ਲੰਗਰ ਦੇ ਸੰਬੰਧ ਵਿਚੁ ਕੁਛ ਦ੍ਰਿਸ਼ਟਾਂਤ ਸੰਗ੍ਰਹਿ ਕੀਤੇ ਜਾਂਦੇ ਹਨ: -

ਜਿਸ ਵਖਤ ਗੁਰੂ ਨਾਨਕ ਸਾਹਿਬ ਜੀ ਮੱਕੇ ਗਏ ਸਨ, ਕਾਜ਼ੀ ਰੁਕਨਦੀਨ ਨਾਲ ਗੋਸ਼ਟ ਕਰਨ ਸਮੇਂ ਕਾਜ਼ੀ ਰੁਕਨਦੀਨ ਨੇ ਕਿਹਾ ਕਿ ਮਹਾਰਾਜ ਜੀ, ਆਪ ਕਾ ਪੰਥ ਕੈਸਾ ਹੋਇਗਾ, ਔਰ ਕਿਯਾ ਕਿਯਾ ਕਾਮ ਕਰੇਗਾ? ਉੱਤਰ ਵਿੱਚ ਗੁਰੂ ਸਾਹਿਬ ਜੀ ਨੇ ਕਰਨੀਨਾਮਾ ਉਚਾਰਨ ਕੀਤਾ। ਇੱਥੇ ਸਾਰਾ ਨਾ ਲਿਖਦੇ ਹੋਏ ਟੂਕ ਮਾਤ੍ਰ ਹੀ ਦਰਸਾਨੇ ਦਾ ਜਤਨ ਕੀਤਾ ਗਿਆ ਹੈ। ਗੁਰੂ ਸਾਹਿਬ ਜੀ ਫੁਰਮਾਯਾ, 'ਸੁਨੋ ਕਾਜ਼ੀ ਰੁਕਨਦੀਨ, ਸਿੰਘ ਕਰੈਂਗੇ ਰਾਜ।' ਫੇਰ ਕਾਜ਼ੀ ਰੁਕਨਦੀਨ ਨੇ ਬੇਨਤੀ ਕੀਤੀ, 'ਗ਼ਰੀਬਾਂ ਪ੍ਰ ਜ਼ੁਲਮ ਤਾਂ ਨਹੀਂ ਕਰੈਂਗੇ?' ਗੁਰੂ ਸਾਹਿਬ ਜੀ ਨੇ ਫੁਰਮਾਯਾ, 'ਮਾਯਾ ਇਕੱਠੀ ਕਰਕੇ ਦੇਵੈਂਗੇ ਲੰਗਰ ਲਾਇ। ਨੰਗਾ ਭੁੱਖਾ, ਅਰਥੀਆ ਖਾਲੀ ਕੋਈ ਨਾ ਜਾਇ।' ਇਸਤ੍ਰਾਂ ਗੁਰੂ ਸਾਹਿਬ ਜੀ ਨੇ ਪੰਥ ਦਾ ਭਵਿਖਤ ਦੇਖ ਕੇ ਪਹਿਲੇ ਹੀ ਕਹਿ ਦਿੱਤਾ ਸੀ ਕਿ ਖ਼ਾਲਸਾ ਪੰਥ ਦੇਗ਼ ਤੇਗ਼ ਦਾ ਧਨੀ ਹੋਇਗਾ। ਇਤਹਾਸ ਵਿੱਚ ਜ਼ਿਕਰ ਆਉਂਦਾ ਹੈ, ਜਦੋਂ ਪੰਥ ਤੇ ਬਿਪਤਾ ਆਈ, ਅੱਸੀ-ਅੱਸੀ ਰੁਪੀਏ ਨੂੰ ਸਿਰ ਬਿਕਦਾ ਸੀ ਵ ਇਨਾਮ ਮਿਲਦਾ ਸੀ, ਉਸ ਵਖਤ ਸਿੰਘ ਜੰਗਲਾਂ ਵਿੱਚ ਚਲੇ ਗਏ ਸਨ। ਔਰ ਉਥੈਂ ਭੀ ਜਾਕਰ ਪ੍ਰਸਾਦਾ ਤਿਆਰ ਕਰਕੇ ਅ੍ਰਦਾਸਾ ਸੋਧ ਕੇ ਅਵਾਜ਼ ਦੇਂਦੇ ਸੀ, 'ਆਓ ਭਾਈ, ਕੋਈ ਲੋੜਵੰਦ ਹੈ, ਤਾਂ ਆਓ। ਗੁਰੂ ਕਾ ਲੰਗਰ ਤਿਆਰ ਹੈ।' ਗੁਰੂ ਸਾਹਿਬ ਜੀ ਦੀ ਆਗਿਯਾ ਨੂੰ ਜੰਗਲਾਂ ਵਿੱਚ ਭੀ ਨਹੀਂ ਭੁੱਲੇ। ਜਿਸ ਵਖਤ ਖ਼ਾਲਸਾ ਪੰਥ ਦਾ ਲਾਹੌਰ ਤੇ ਰਾਜ ਕਾਇਮ ਹੋਯਾ, ਉਸ ਵਕਤ ਮਹਾਰਾਜਾ ਰਣਜੀਤ ਸਿੰਘ ਜੀ ਨੇ ਗੁਰੂ ਸਾਹਿਬ ਜੀ ਦੇ ਲੰਗਰਾਂ ਵਾਸਤੇ ਬੇਅੰਤ ਜਗੀਰਾਂ ਲਾਈਆਂ, ਜਿਸਤ੍ਰਾਂ ਕਿ ਨਨਕਾਣੇ ਸਾਹਿਬ ਤੇ ਸ੍ਰੀਮਾਨ ਮਾਨਯੋਗ ਨਿਤ ਔਤਾਰ ਬੇਦੀ ਸਾ: ਬਾਬਾ ਸਾਹਿਬ ਸਿੰਘ ਜੀ ਊਨੇ ਸਾਹਿਬ ਵਾਲੇ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਛੋਟੀ ਅਵਸਥਾ ਵਿੱਚੁ ਮਦਦ ਕੀਤੀ ਸੀ। ਦੁਸ਼ਮਨ ਹੱਥੋਂ ਬਚਾਯਾ ਸੀ। ਖ਼ਾਲਸਾ ਰਾਜ ਕਾਇਮ ਕਰਨ ਦਾ ਵਰਦਾਨ ਬਖ਼ਸ਼ਿਆ ਸੀ। ਮਹਾਰਾਜ ਸਾਹਿਬ ਜੀ ਦੇ ਮਾਤਾ ਜੀ ਔਰ ਰਣਜੀਤ ਸਿੰਘ ਜੀ ਏਹ ਮਦਦ ਤੋਂ ਔਰ ਸਹਾਯਤਾ ਬਦਲੇ ਕੁਛ ਜਾਗੀਰ ਬਾਬਾ ਸਾਹਿਬ ਸਿੰਘ ਜੀ ਨੂੰ ਦੇਵਨਾ ਚਾਹੁੰਦੇ ਸਨ। ਔਰ ਕਈ ਦਫ਼ਾ ਇਨ੍ਹਾਂ ਨੇ ਬੇਨਤੀ ਕੀਤੀ ਸੀ, ਪ੍ਰ ਸਾਹਿਬਾਂ ਨੇ ਕਿਹਾ ਕਿ ਇਸ ਵਕਤ ਸਾਨੂੰ ਕੋਈ ਜ਼ਰੂਰਤ ਨਹੀਂ। ਕਦੀ ਕੋਈ ਟੈਮ ਆਇਯਾ, ਤਾਂ ਤੁਹਾਨੂੰ ਕਹਾਂਗੇ। ਏਕ ਦਫ਼ਾ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਜੀ ਨਨਿਕਾਣੇ ਸਾਹਿਬ ਦੀ ਯਾਤ੍ਰਾ ਔਰ ਦਰਸ਼ਨ ਕਰਨੇ ਨੂੰ ਗਏ। ਉਸ ਵਖਤ ਲੰਗਰ ਦੀ ਮਸਤਾਨੀ ਹਾਲਤ ਦੇਖ ਕੇ ਉਥੋਂ ਦੇ ਸੇਵਾਦਾਰਾਂ ਤੋਂ ਪਤਾ ਕਰਕੇ ਬਾਬਾ ਜੀ ਨੇ ਮਹਾਰਾਜਾ ਰਣਜੀਤ ਸਿੰਘ ਜੀ ਔਰ ਉਨ੍ਹਾਂ ਦੇ ਮਾਤਾ ਜੀ ਨੂੰ ਕਿਹਾ ਕਿ ਇੱਥੇ ਸੇਵਾ ਦੀ ਲੋੜ ਹੈ।ਜਿਤਨੀ ਭੀ ਲੰਗਰ ਵਾਸਤੇ ਕਰ ਸਕਤੇ ਹੋ, ਕਰੋ। ਉਥੋਂ ਦਾ ਇਲਾਕਾ ਸਾਰਾ ਮਹਾਰਾਜਾ ਸਾਹਿਬ ਜੀ ਦੇ ਪਿਤਾ ਮਹਾਂ ਸਿੰਘ ਜੀ ਦੇ ਕਬਜ਼ੇ ਵਿੱਚ ਸੀ। ਜਿਸ ਤੇ ਮਹਾਰਾਜਾ ਸਾਹਿਬ ਔਰ ਉਨ੍ਹਾਂ ਦੇ ਮਾਤਾ ਜੀ ਨੇ ਹਾਥ ਜੋੜ ਕੇ ਬੇਨਤੀ ਕੀਤੀ ਕਿ ਬਾਬਾ ਜੀਓ, ਆਪ ਸਵੇਰੇ ਘੋੜੇ ਪਰ ਸਵਾਰ ਹੋ ਕਰ ਸ਼ਾਮ ਤਕ ਜਿਤਨੇ ਏਰਯਾ ਤਕ ਘੋੜਾ ਫੇਰ ਲਿਆਓਗੇ, ਉਤਨੀ ਜਾਗੀਰ ਗੁਰੂ ਸਾਹਿਬ ਜੀ ਦੇ ਲੰਗਰ ਦੀ ਹੋਇ। ਸੋ ਇਸੇਤ੍ਰਾਂ ਹੋਇਆ। ਓਹ ਜਾਗੀਰ ਹੁਣ ਤਕ ਨਨਕਾਣੇ ਸਾਹਿਬ ਦੇ ਲੰਗਰ ਦੇ ਨਾਮ ਪ੍ਰ ਮੌਜੂਦ ਹੈ। ਦੇਖੋ ਕਿਰਤ ਨਾਹਰ ਸਿੰਘ ਰਾਜਾ ਜੋਗੀ ਮੇਂ। ਇਸਤ੍ਰਾਂ ਅਨੇਕ ਗੁਰਦਵਾਰੇ ਸਾਹਿਬ ਲੰਗਰ ਵਾਸਤੇ ਜਾਗੀਰ ਲਾਈ ਹੈ। ਇਸ ਤੋਂ ਅਲਾਵਾ ਔਰ ਭੀ ਸੰਤ ਮਹਾਤਮਾ ਉਦਾਸੀ ਸੰਤ ਗੁਰੂ ਸਾਹਿਬ ਜੀ ਦੇ ਨਾਮ ਪਰ ਲੰਗਰ ਚਲਾਉਂਦੇ ਸਨ, ਉਨ੍ਹਾਂ ਨੂੰ ਭੀ ਜਾਗੀਰਾਂ ਦਿੱਤੀਆਂ ਸਨ। ਜਿਸਤ੍ਰਾਂ ਕਿ ਅੰਮ੍ਰਿਤਸਰ ਸਾਹਿਬ ਮੰਗਲਵਾਲੇ ਅਖਾੜੇ ਦੇ ਨਾਮ

ਹੁਣ ਤਕ ਜਾਗੀਰ ਮੌਜੂਦ ਹੈ। ਇਸ ਤੋਂ ਅਲਾਵਾ ਸਿੱਖ ਰਾਜੇ ਗੁਰੂ ਸਾਹਿਬ ਜੀ ਦੇ ਲੰਗਰਾਂ ਵਾਸਤੇ ਬੇਅੰਤ ਜਾਗੀਰਾਂ ਲਾਈਆਂ।

ਏਕ ਦਫ਼ਾ ਕੁੰਭ ਦੇ ਮੇਲੇ ਤੇ ਹਰਦੁਵਾਰ ਏਕ ਬੇਹੰਗਮ ਸਿੰਘ ਬੈਰਾਗੀਆਂ ਦੀ ਪੰਗਤ ਵਿੱਚ ਜਾ ਬੈਠਾ। ਬੈਰਾਗੀਆਂ ਦੇ ਪ੍ਰਬੰਧਕਾਂ ਨੇ ਦੇਖ ਕੇ ਸਿੰਘ ਨੂੰ ਕਿਹਾ ਕਿ ਪ੍ਰਸਾਦਾ ਮੰਗ ਕੇ ਖਾਂਦਾ ਹੈ, ਤਾਂ ਫੇਰ ਏਹ ਸਿੱਖੀ ਕਾਦ੍ਹੇ ਵਾਸਤੇ ਧਾਰਨ ਕੀਤੀ ਹੈ। ਜਿਸ ਤੇ ਸਿੰਘ ਨੇ ਸੁਨ ਕੇ ਸਿੰਘ ਨੂੰ ਜੋਸ਼ ਆ ਗਿਯਾ। ਆਪ ਵਿਚ ਬੋਲ ਚਾਲ ਹੁੰਦਾ ਹੋਇਆ ਲੜਾਈ ਹੋ ਪਈ। ਏਹ ਖ਼ਬਰ ਕੁੰਭ ਤੇ ਆਏ ਹੂਏ ਸਿੰਘਾਂ ਨੂੰ ਲੱਗੀ। ਓਹ ਭੀ ਕੁਛ ਉਥੈ ਪਹੁੰਚ ਗਏ। ਲੜਾਈ ਹੋਰ ਵਧ ਗਈ। ਦੂਸਰੇ ਦਿਨ ਜਦ ਜਲੂਸ ਨਿਕਲਿਆ, ਤੋ ਬੈਰਾਗੀਆਂ ਨੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਦੀ ਪਾਲਕੀ ਤੇ ਸ੍ਰੀ ਸਾਹਿਬ ਦਾ ਵਾਰ ਕੀਤਾ। ਏਹ ਖ਼ਬਰ ਮਰਾਰਾਜਾ ਪਟਿਆਲਾ ਨੂੰ ਪਹੁੰਚੀ। ਉਸ ਵਖਤ ਮਹਾਰਾਜਾ ਸਾਹਿਬ ਜੀ ਹਰਦੁਆਰ ਆਏ ਹੋਏ ਸਨ। ਉਨ੍ਹਾਂ ਨੇ ਅਪੁਨੀ ਪਲਟਨ ਨੂੰ ਹੁਕਮ ਦਿੱਤਾ ਕਿ ਬੈਰਾਗੀਆਂ ਦੀ ਖ਼ੂਬ ਸੋਧਨਾ ਕਰੋ। ਜਿਸ ਤੇ ਪਲਟਨੀਏ ਸਿੰਘਾਂ ਨੇ ਖ਼ੂਬ ਚਾਹਟੇ ਛਕਾਏ। ਉਸ ਤੋਂ ਬਾਦ ਮਹਾਰਾਜਾ ਪਟਿਆਲਾ ਔਰ ਪੰਥ ਦੇ ਮੁਖੀਆਂ ਨੇ ਬੈਠ ਕੇ ਗੁਰਮਤਾ ਕੀਤਾ ਕਿ ਏਕ ਜਥਾ ਵ ਅਖਾੜਾ ਕਾਇਮ ਕੀਤਾ, ਜੇੜ੍ਹਾ ਕਿ ਕੁੰਭ ਦੇ ਮੇਲਿਆਂ ਤੇ ਗੁਰੂ ਸਾਹਿਬ ਜੀ ਦਾ ਲੰਗਰ ਦੂਸਰਿਆਂ ਨਾਲੋਂ ਬੜਚੜ ਕੇ ਲਾਏ ਔਰ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਕਰੇ। ਇਸ ਸੇਵਾ ਵਾਸਤੇ ਨਿਰਮਲੇ ਸੰਤਾਂ ਦਾ ਅਖਾੜਾ ਕਾਇਮ ਕੀਤਾ ਗਯਾ। ਹਾਥੀ, ਘੋੜੇ, ਸੁਨੈਹਿਰੀ ਪਾਲਕੀਆਂ ਦਿੱਤੀਆਂ ਔਰ ਕਈ ਪਿੰਡ ਗੁਰੂ ਸਾਹਿਬ ਜੀ ਦੇ ਲੰਗਰ ਵਾਸਤੇ ਜਾਗੀਰ ਵਜੋਂ ਦਿੱਤੇ, ਜੇੜੇ ਹੁਣਿ ਤਕ ਮੌਜੂਦ ਹਨ। ਲੰਗਰ ਉਨ੍ਹਾਂ ਦੀ ਆਮਦਨੀ ਤੋਂ ਚਲ ਰਹੇ ਹਨ। ਪੂਰਾ ਪ੍ਰਸੰਗ ਦੇਖੋ ਕ੍ਰਿਤ ਨਿਰਮਲ ਇਤਹਾਸ ਗਿਆਨੀ ਦਯਾਲ ਸਿੰਘ ਜੀ। ਇਸਤ੍ਹਾਂ ਹੋਰ ਬੇਅੰਤ ਗੁਰਦਵਾਰੇ ਲੰਗਰਾਂ ਵਾਸਤੇ ਜਗੀਰਾਂ ਲਾਈਆਂ। ਇਨ੍ਹਾਂ ਪ੍ਰਸੰਗਾਂ ਤੋਂ ਏਹ ਸਿੱਧ ਹੋਇਆ ਕਿ ਗੁਰੂ ਨਾਨਕ ਸਾਹਿਬ ਜੀ ਦੇ ਹੁਕਮ ਵ ਆਗਿਯਾ ਹੈ 'ਮਾਯਾ ਇਕੱਠੀ ਕਰਕੇ ਦੇਵੈਹਿੰਗੇ ਲੰਗਰ ਲਾਇ'। ਦਸ਼ਮੇਸ਼ ਪਾਤਸ਼ਾਹ ਦਾ ਹੁਕਮ ਸ੍ਰੀ ਹਜ਼ੂਰ ਸਾਹਿਬ ਅਬਿਚਲਨਗਰ ਖ਼ਾਲਸੇ ਪ੍ਰਤੀ ਕੀਤਾ ਸੀ 'ਇਸ ਥਲ ਰਹ੍ਹੁ, ਦੇਗ਼ ਵਰਤਾਓ' ਦੇ ਹੁਕਮ ਨੂੰ ਹੁਣ ਤਕ ਸਾਰੀ ਸੰਗਤ ਗੁਰੂ ਨਾਨਕ ਨਾਮ ਲੇਵਾ ਔਰ ਖ਼ਾਲਸਾ ਪੰਥ ਗੁਰੂ ਸਾਹਿਬਾਂ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨਦੇ ਹੂਏ ਤਨ, ਮਨ, ਧਨ ਨਾਲ ਹੁਣ ਤਕ ਮਹਾਰਾਜ ਜੀ ਦੇ ਲੰਗਰ ਦੀ ਸੇਵਾ ਕਰ ਰਹੇ ਹਨ। ਬਾਰ੍ਹਾਂ ਮਿਸਲਾਂ ਵਿੱਚੋਂ ਹੁਣ ਤਕ ਬੁੱਢੇ ਦਲ ਨੂੰ ਗੁਰ ਅਸਥਾਨਾਂ ਤੋਂ ਰਸਦਾਂ ਲੰਗਰ ਵਾਸਤੇ ਲੱਗੀਆਂ ਹੋਈਆਂ ਹਨ।

ਨੋਟ: - ਗੁਰੂ ਨਾਨਕ ਸਾਹਿਬ ਜੀ ਦੇ ਲੰਗਰ ਦਾ ਬਾਕੀ ਪ੍ਰਸੰਗ: - ਜਿਸ ਵਕਤ ਗੁਰੂ ਨਾਨਕ ਸਾਹਿਬ ਜੀ ਬਾਲਕਾਂ ਨੂੰ ਨਾਲ ਲੈ ਕੇ ਬਾਹਰ ਚਲੇ ਜਾਂਦੇ ਸਨ, ਤਾਂ ਸਾਰੇ ਬਾਲਕਾਂ ਨੂੰ ਹੁਕਮ ਦੇਨਾ ਕਿ ਚੌਕੜੀ ਮਾਰ ਕੇ ਸਾਰੇ ਬੈਠ ਜਾਓ। ੧ਓਂ ਸਤਿਨਾਮ ਦਾ ਸਾਰੇ ਜਾਪ ਕਰੋ। ਜਦ ਬਾਲਕ ਥੱਕ ਜਾਂਦੇ, ਤਾਂ ਕਹਿੰਦੇ ਕਿ ਮਹਾਰਾਜ ਜੀ, ਛੁੱਟੀਆਂ ਦੇਉ। ਭੁੱਖ ਲੱਗੀ ਹੈ। ਘਰ ਜਾ ਕੇ ਕੁਛ ਮੂੰਹ ਪਾਈਏ ਵ ਖਾਈਏ। ਉਸ ਵਖਤ ਗੁਰੂ ਸਾਹਿਬ ਜੀ ਨੇ ਕਹਿਨਾ ਕਿ ਸਾਰੇ ਪੰਗਤ ਲਾ ਕੇ ਬੈਠ ਜਾਓ ਔਰ ਅਪਨੀ ਸ਼ਕਤੀ ਦੁਆਰਾ ਲੱਡੂ, ਪੇੜੇ, ਜਲੇਬੀਆਂ, ਮਿਠਾਈਆਂ, ਗੁਲਾਬ ਜਾਮੁਨ ਆਦਿਕ ਛਤੀਸ ਪਦਾਰਥਾਂ ਦੇ ਥਾਲ ਮੰਗ ਕੇ ਅਪਨੇ ਹੱਥੀਂ ਵਰਤਾਉਂਦੇ ਔਰ ਦੇਖ ਕਰ ਗੁਰੂ ਸਾਹਿਬ ਬੜੇ ਖ਼ੁਸ਼ ਹੋਵੰਦੇ ਸਨ। ਏਹ ਭੀ ਲੰਗਰ ਨਨਕਾਣੇ ਸਾਹਿਬ ਇਤਹਾਸ ਬਾਲ ਲੀਲਾ ਦੇ ਨਾਮ ਤੇ ਹੁਣ ਤਕ ਮੌਜੂਦ ਹੈ। ਏਕ ਦਫ਼ਾ ਗੁਰੂ ਨਾਨਕ ਸਾਹਿਬ ਜੀ ਜੀਆਂ ਦਾ ਉਧਾਰ ਕਰਦੇ ਕਰਦੇ ਏਕ ਪਿੰਡ

ਜਾ ਨਿਕਲੇ । ਪਿੰਡੋਂ ਬਾਹਰ ਬੈਠ ਗਏ ਔਰ ਪਿੰਡ ਮੇਂ ਏਕ ਘਰ ਵਿੱਚ ਸ਼ਾਦੀ ਵਿਵਾਹ ਹੋ ਰਿਹਾ ਸੀ । ਮਰਦਾਨੇ ਨੇ ਬੇਨਤੀ ਕੀਤੀ ਕਿ ਮਹਾਰਾਜ ਜੀਓ, ਹੁਕਮ ਕਰੋ, ਤਾਂ ਮੈਂ ਭੀ ਉਸ ਘਰੋਂ ਕੁਛ ਮੰਗ ਕੇ ਖਾ ਆਵਾਂ, ਕਿਉਂਕਿ ਵਿਵਾਹ ਵਾਲੇ ਘਰ ਅੱਛੇ ਅੱਛੇ ਖਾਨੇ ਬਨੇ ਹੋਣਗੇ । ਗੁਰੂ ਸਾਹਿਬ ਜੀ ਨੇ ਕਿਹਾ ਕਿ ਤੇਰੀ ਮਰਜ਼ੀ ਹੈ ਈ, ਤਾਂ ਜਾ । ਮਰਦਾਨਾ ਉਸ ਜਗ੍ਹਾ ਜਾ ਕਰ ਸਤਿ ਕਰਤਾਰ ਦੀ ਅਵਾਜ਼ ਕੀਤੀ ਔਰ ਖਾਣ ਵਾਸਤੇ ਭੋਜਨ ਮੰਗਿਆ । ਉਸ ਵਕਤ ਜੇੜੇ ਲੋਕ ਉਸ ਜਗ੍ਹਾ 'ਕੱਠੇ ਹੋਏ ਸਨ, ਉਨ੍ਹਾਂ ਨੇ ਮਰਦਾਨੇ ਨੂੰ ਪਕੜ ਕੇ ਖ਼ੂਬ ਮਾਰਿਆ । ਮ੍ਰਦਾਨਾ ਉਸੀ ਹਾਲਤ ਵਿਚ ਗੁਰੂ ਸਾਹਿਬ ਜੀ ਪਾਸ ਆਇਆ । ਗੁਰੂ ਸਾਹਿਬ ਜੀ ਨੂੰ ਸਾਰਾ ਹਾਲ ਸੁਨਾਇਆ । ਗੁਰੂ ਸਾਹਿਬ ਸੁਨ ਕਰ, ਮ੍ਰਦਾਨੇ ਦਾ ਹਾਲ ਦੇਖ ਕਰ ਇਤਨੇ ਜੋਸ਼ ਵਿੱਚ ਆਏ ਕਿ ਸਿੱਧੀ ਰੀਪੋਟ ਵ ਦਰਖ਼ਾਸਤ ਨਿਰੰਕਾਰ ਪਾਸ ਪੇਸ਼ ਕਰ ਦੀਤੀ । ਜਿਸ ਦਾ ਮਤਲਬ ਭਾਵ ਅਰਥ ਇਨ੍ਹਾਂ ਸ਼ਬਦਾਂ ਵਿੱਚ ਹੈ ਕਿ 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥' [੯]

ਏਤੀ ਮਾਰ ਪਈ ਕੁਰਲਾਣੇ । ਏਹ ਮਾਰ ਕਿਸ ਨੂੰ ਪਈ, ਜਿਸ ਪਿੰਡ ਸ਼ਹਿਰ ਨੂੰ ਮਹਾਰਾਜ ਜੀ ਨੇ ਸਰਾਪ ਦਿੱਤਾ ਸੀ, ਓਥੇ ਵੁਹ ਗਜ਼ਬ ਦੀ ਲੜਾਈ ਹੋਈ, ਜਿਸ ਦਾ ਭਾਵ ਅ੍ਰਥ ਗੁਰੂ ਸਾਹਿਬ ਜੀ ਐਂਵੇਂ ਦਸਦੇ ਸਨ: -

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ [੧੦]

ਇਸ ਪ੍ਰਸੰਗ ਦਾ ਭਾਵ ਅ੍ਰਥ ਏਹ ਹੂਵਾ ਕਿ ਕੋਈ ਲੋੜਵੰਦ ਸਾਧ, ਸੰਤ, ਅਤੀਤ ਵ ਸੰਗਤਾਂ ਆ ਕਰ ਪ੍ਰਸਾਦਿ ਮੰਗੇ, ਉਸ ਨੂੰ ਪ੍ਰਸਾਦ ਦੀ ਜਗ੍ਹਾ ਇੰਤਜ਼ਾਮ ਵਾਲੇ ਧੱਕੇ ਮਾਰਨ, ਦੁਰਬਚਨ ਕਹਿਨ, ਪਤਾ ਨਹੀਂ ਕਿ ਗੁਰੂ ਬਾਬਾ ਨਾਨਕ ਉਨ੍ਹਾਂ ਨੂੰ ਕੇਹੋ ਜਿਹੀ ਸਜ਼ਾ ਔਰ ਸਰਾਪ ਦੇਨਗੇ?

ਏਹ ਪਹਿਲਾ ਭਾਗ ਲੰਗਰ ਬਾਰੇ ਇਤਹਾਸ ਦੁਵਾਰਾ ਪੂਰਨ ਕੀਤਾ ਹੈ ਤੇ ਅੱਗੇ ਦੂਜੇ ਭਾਗ ਵਿਚੁ ਪੂਜਾ ਪਾਠ ਤਖ਼ਤ ਸਾਹਿਬ ਦੇ ਮ੍ਰਿਯਾਦਾ ਬਾਰੇ ਪੂਰਾ ਵਿਸਥਾਰ ਦਿੱਤਾ ਗਯਾ ਹੈ । ਪ੍ਰੇਮੀ ਸਜਨ ਪੜ੍ਹਕਰ ਕੋਈ ਅੱਖਰ ਰਹਿ ਗਿਯਾ ਹੋਵੇ, ਤਾਂ ਸੋਧ ਲੈਨਾ ਜੀ । ਅੱਗੋਂ ਲਈ ਅਪਨੇ ਵਿਚਾਰ ਭੇਜ ਸਕਦੇ ਹਨ, ਤਾਂ ਜੋ ਦੂਜੀ ਵੇਰ ਛੱਪ ਸਕਨ ।

ਤਾਰੀਖ਼ ਅਰੰਭ ਤਾ: ੧ ਜਨਵਰੀ ੧੯੬੭.
ਸਮਾਪਤੀ ਦੀ ਤਾ: ੧੮ ਜਨਵਰੀ ੧੯੬੭.
ਲੇਖਕ: ਗੁਰ ਪੰਥ ਸੇਵਕ ਸੰਤ ਬਾਬਾ ੧੦੮ ਜੋਗਿੰਦਰ ਸਿੰਘ ਜੀ (ਹੈੱਡ ਪੂਜਾਰੀ ਸਾਹਿਬ), ਜੱਥੇਦਾਰ ਸ੍ਰੀ ਤਖ਼ਤ ਅਬਚਲ ਨਗਰ ਸਚਖੰਡ ਹਜ਼ੂਰ ਸਾਹਿਬ, ਨਾਂਦੇੜ (ਮਹਾਰਾਸ਼ਟ੍ਰ).

---

[੯] ਆਸਾ ਮਹਲਾ ੧, ਪੰਨਾ ੩੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੦] ਆਸਾ ਮਹਲਾ ੧, ਪੰਨਾ ੪੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।